ਬੀਰ ਅਏ ਡਰ ਦੂਰ ਤਜੋ ਸਗਲੋ ਕਪਿਰਾਈ । ਅਬ ਬੇਗ ਉਠੋ ਮਿਲ ਰਾਘਵ ਕੋ ਤਿਨ ਸੋ ਸਖਿਤਾ ਤੁਮਰੀ ਸੁ ਬਨਾਈ । ਕਰ ਤੂੰ ਸਖਿਤਾ ਸਹ ਬੇਗ ਤਿਨੇ ਸੁਨਿ ਰਾਜਨ ਪਾਵਕ ਪਾਸ ਜਲਾਈ ॥ ੩੧ ॥ ਹਰਖੇ ਸੁਗ੍ਰੀਵ ਸੁਨੀ ਬਤੀਆਂ ਪੁਨਿ ਆਪ ਰਘੂਤਮ ਕੀ ਢਿਗ ਆਈ । ਭਰੁ ਕੋਮਲ ਸਾਖ ਸੁ ਛੀਨ ਲਈ ਕਰ ਰਾਮ ਕੇ ਹੇਤ ਸੁ ਦੀਨ ਬਿਛਾਈ । ਹਨੂਮਾਂਨ ਦਈ ਲਖਮੰਨ ਤਬੈ ਲਖਮੰਨ ਸੁ ਕਾਟਿ ਦਈ ਕਪਰਾਈ । ਪੁਨਿ ਬੈਠ ਗਏ ਤਿਹ ਠੌਰ ਬਿਖੈ ਕਪਿ ਨਾਇਕ ਔ ਹਰਿਜੀ ਹਰਖਾਈ ॥ ੩੨ ॥ ਆਦਹਿ ਤੇ ਰਘੁਬੀਰ ਕਥਾ ਲਖਮੰਨ ਤਬੈ ਤਿਹ ਭਾਖ ਸੁਨਾਈ । ਰਾਮ ਦਯੋ ਬਨਬਾਸ ਪਿਤਾ ਅਰ ਸੀਯ ਗਈ ਬਨਮਾਹਿ ਚੁਰਾਈ । ਯੌ ਲਖਮੰਨ ਕਿ ਵਾਕ ਸੁਨੇ ਤਬ ਏ ਕਪਿ ਨਾਇਕ ਬਾਤ ਅਲਾਈ । ਸੀਯ ਕੋ ਸੋਧਨ ਮੈਂ ਕਰ ਹੌਂ ਬਲ ਬੁਧਿ ਜਹਾਂ ਪਹੁੰਚੇ ਰਘੁਰਾਈ ॥ ੩੩ ॥ ਅਰ ਘਾਤਨ ਮੈਂ ਸੁ ਸਹਾਇਤਤਾ ਤੁਮਰੀ ਕਰਹੌਂ ਬਲ ਮੈਂ ਰਣ ਮਾਹੀਂ । ਇਕ ਔਰ ਸੁਨੋ ਤੁਮ ਰਾਮ ਕਹੌਂ ਜੁ ਪਿਖੀ ਇਹ ਮੈਂ ਨਿਜ ਨੈਨਨ ਮਾਹੀਂ । ਕਪਿ ਚਾਰ ਸਮੇਤ ਸੁ ਏਕ ਸਮੇਂ ਇਹ ਬੈਠੋ ਹੁਤੋ ਗਿਰ ਕੇ ਸਿਰ ਮਾਹੀਂ । ਇਕ ਨਾਰ ਸਲੋਚਨ ਰਾਖਸ਼ਕੋ ਗਹਿ ਜਾਵਤ ਥੋ ਨਭਿ ਮੰਡਲ ਮਾਹੀਂ ॥ ੩੪ ॥ ਮੁਖ ਰਾਮਹਿ ਰਾਮ ਪੁਕਾਰਤ ਥੀ ਪੁਨਿ ਪੇਖ ਹਮੈਂ ਗਿਰ ਕੀ ਸਿਰ ਮਾਹੀਂ । ਨਿਜ ਭੂਖਣ ਤਾਰ ਸੁ ਪਾਰ ਪਟੰਬਰ ਡਾਰ ਦਏ ਸੁ ਧਰਾਧਰ ਮਾਹੀਂ । ਅਤਿ ਰੋਵਤ ਥੀ ਦ੍ਰਿਗਨੀਰ ਘਨੋ ਗਹਿ

ਰਾਖਸ਼ ਭਾਂਹਿ ਗਯੋ ਨਭਿ ਮਾਹੀਂ । ਗਹਿ ਭੂਖਨ ਵੈ ਰਘੁ ਨੰਦਨ ਮੈਂ ਇਹ ਥਾਪ ਧਰੇ ਗਿਰ ਕੰਦਰ ਮਾਹੀਂ ॥ ੩੫ ॥ ਅਬਲੌ ਇਹ ਆਹਿ ਪਿਖੋ ਨਿਜ ਨੈਨਨ ਹੈਂ ਤਿਨਕੋ ਕਿ ਨਹੀਂ ਸੁ ਬਿਚਾਰੇ। ਇਹ ਭਾਂਤਿ ਉਚਾਰ ਸੁ ਆਂਨ ਵਹੈ ਕਪਿ ਨਾਥ ਭਲੇ ਰਘੁਨਾਥ ਦਿਖਾਰੇ। ਪੁਨ ਰਾਮ ਸੁ ਹਾਥਨ ਖੋਲ ਗਿਰਾ ਪਿਖ ਭੂਖਨ ਹਾ ! ਮੁਖ ਮਾਹਿ ਪੁਕਾਰੇ। ਰਿਦ ਭੂਖਨ ਧਾਰ ਸੁ ਰੋਤ ਭਏ ਜਨ ਪ੍ਰਾਕ੍ਰਿਤ ਰੋਵਤ ਲੋਕ ਮਝਾਰੇ ॥ ੩੬ ॥ ਲਖਮੰਨ ਦਯੋ ਬਹੁ ਧੀਰ ਤਬੈ ਅਰੁ ਵਾਕ ਕਹੇ ਸੁ ਕਹੇ ਮੁਖ ਮਾਹੀਂ । ਦਿਨ ਕੇਤਕ ਮਾਹਿੰ ਲਹੋਂ ਸੀਯ ਕੋ ਤੁਮ ਕਿਉਂ ਬਹੁ ਸੋਚ ਕਰੋ ਮਨ ਮਾਹੀਂ । ਕਪਿਨਾਥ ਸਹਾਇਕ ਹੈ ਹਮਰੋ ਹਮ ਮਾਰਹਿੰ ਰਾਵਣ ਕੋ ਰਣ ਮਾਹੀਂ । ਤਬ ਆਪ ਸੁ ਲ੍ਰੀਵ ਕਹਯੋ ਮੁਖਤੇ ਇਹ ਭਾਖਤ ਰਾਮ ਸੁਨੋ ਬਨ ਮਾਹੀਂ ॥ ੩੭ ॥ ਸੁਗ੍ਰੀਵ ਉਵਾਚ ॥ ਚੌਪਈ ॥ ਯਹ ਹੈ ਰਾਮ ਪ੍ਰਤੱਗਜਾ ਮੇਰੀ। ਬਹੁਤ ਕਹੇ ਉਰ ਲਾਜ ਘਨੇਰੀ। ਰਾਵਣ ਕੋ ਰਣ ਭੀਤਰ ਮਾਰੀ। ਤੇ ਕਰ ਦੇਉਂ ਸੁ ਜਨਕ ਕੁਮਾਰੀ ॥ ੩੮ ॥ ਸ਼ੰਕਰ ਛੰਦ ॥ ਹਨੂ ਮਾਨ ਪਾਵਕ ਦਾਰਲੈ ਤਹਿ ਜਾਲਿਯੋ ਪੁਨਿ ਆਪ। ਰਾਮ ਅੰ ਕਪਿ ਨਾਥ ਕੇ ਢਿਗ ਧਰੇ ਸਾਖੀ ਥਾਪ। ਤਬ ਭਏ ਮੀਤ ਸੁ ਪਰਸਪਰ ਗਲ ਮਿਲੇ ਭੁਜਾ ਪਸਾਰ । ਨਿਹ ਪਾਪ ਦੋਨੋਂ ਚੀਤਮੈਂ ਜਿਮ ਗੰਗ ਯਮਨਾ ਵਾਰ ॥ ੩੯ ॥ ਤਬ ਰਾਮਕੇ ਢਿਗ ਬੈਠ ਕੈ ਸੁਗ੍ਰੀਵ ਕੀਨ ਉਚਾਰ। ਸਖੇ ਨਿਜ ਮੈਂ ਹਾਲ ਤੋ ਕੌ ਕਹੌਂ ਰਾਮਮੁਰਾਰ। ਸੁਨੋਂ ਤੁਮ ਮਨ ਲਾਇਕੈ ਮਮ ਬਾਲਿ ਕੀਨੋ

ਜੋਇ। ਮਾਯਾਵੀ ਨਾਮ ਸੁ ਪੂਤ ਮਯ ਕੋ ਪਰਮ ਦੁਰਮਤਿ ਸੋਇ ॥੪੦॥ ਚੌਪਈ ॥ ਏਕ ਸਮੇ ਕਿਸਕਿੰਧਾ ਆਯੋ। ਬਾਲੀ ਕੋ ਤਿਨ ਆਨ ਬੁਲਾਯੋ। ਸਿੰਘ ਨਾਦ ਤਿਨ ਕੀਨ ਉਚਾਰਾ ॥ ਬਾਲੀ ਕ੍ਰੋਧ ਭਯੋ ਉਰ ਭਾਰਾ ॥ ੪੧ ॥ ਤਾਮਰ ਨੈਨ ਕ੍ਰੋਧ ਅਤਿ ਬਾਲੀ। ਨਿਕਸੇ ਪੁਰ ਤੇ ਬੀਰ ਸੁ ਬਾਲੀ। ਬਾਲੀ ਤਾਂ ਉਰ ਮੁਠ ਲਗਾਈ। ਰਾਖਸ਼ ਡਰਿਓ ਸੁ ਚਲਿਓ ਪਲਾਈ ॥ ੪੨ ॥ ਅਪਨੀ ਗਹੁ ਪ੍ਰਤਿ ਭਾਗਜੋ ਜਬਹੀਂ। ਬਾਲੀ ਪਾਛੇ ਧਾਯੋ ਤਬਹੀ। ਮੈਂ ਤਿਨ ਸੰਗ ਧਯੋ ਤਬ ਗਯੋ। ਬਾਲੀ ਕੋ ਅਨੁਗਤ ਤਬ ਭਯੋ ॥ ੪੩ ॥ ਗਿਰਕੰਦਰ ਮੈ ਸੋ ਧਸ ਗਯੋ। ਬਾਲੀ ਸੋ ਪ੍ਰਤਿ ਬਚਨ ਅਲਯੋ। ਤੂੰ ਰਹੋ ਬਾਹਰ ਮੈਂ ਧਸਜਾਵੋਂ। ਰਹੀ ਤਹਾਂ ਲੌ ਜੌਲੌ ਆਵੋਂ ॥੪੪॥ ਯਾ ਬਿਧ ਭਾਖ ਸੁ ਗੁਹਮੈਂ ਗਯੋ। ਮਾਸ ਏਕ ਬਾਹਰ ਨਹਿੰ ਅਯੋ। ਮਾਸ ਉਪਰੰਤ ਗੁਹਾ ਕੇ ਦੁਆਰਾ। ਨਿਕਸੀ ਸ੍ਰੋਣਤ ਕੀ ਬਹੁ ਧਾਰਾ ॥ ੪੫ ॥ ਤਿਨ ਕੋ ਦੇਖ ਤਪਤ ਤਨ ਭਏ। ਮੈ ਜਾਨੋ ਬਾਲੀ ਉਰ ਮੁਏ। ਗੁਹਕੇ ਦੁਆਰ ਸਿਲਾ ਇਕ ਮਾਰ। ਮੈ ਆਯੋ ਨਿਜ ਭੌਨ ਮਝਾਰ ॥ ੪੬ ॥ ਬਾਲੀ ਰਾਖਸ਼ ਨਿਸਚੇ ਮਾਰਾ। ਗੁਹਾ ਬੀਚ ਮੈ ਕੀਨ ਉਚਾਰਾ। ਸੁਨਕੈ ਬਾਤ ਦੁਖੀ ਸਭ ਹੋਏ। ਛਾਤੀ ਤਾੜ ਸੁ ਬਹੁ ਬਿਧ ਰੋਏ ॥੪੭॥ਮੋਕੋ ਰਾਜ ਤਿਲਕ ਸਭ ਭਾਖੇ। ਰਾਮ ਹੁਤੀ ਨਹਿੰ ਮੈ ਅਭਿਲਾਖੇ। ਬਲਾਤਕਾਰ ਤੇ ਰਾਜ ਸੁ ਦੀਨੋਂ। ਕਪਿ ਮੰਤ੍ਰੀ ਮੁਹਿ ਤਿਲਕ ਸੁ ਕੀਨੋ ॥ ੪੮ ॥ ਸ਼ੰਕਰ ਛੰਦ ॥ ਮੈ ਰਾਜ ਕੀਨੋ ਕਪਿਨ ਕੋ ਸੁਨਿ ਰਾਮ ਖਿੰਚਤ ਕਾਲ। ਸੀਸ

ਛਤ੍ਰ ਸੁ ਮੇ ਫਿਰੇ ਯੁਗ ਝੁਲੈ ਚੌਰ ਬਿਸਾਲ । ਤਿੰਹ ਕਾਲ ਬਾਲੀ ਆਇਓ ਪਿਖ ਮੋਹਿ ਰੋਖ ਸੁ ਕੀਨ। ਬਹੁ ਤ੍ਰਿਸ੍ਕਾਰ ਸੁ ਮੈਂ ਕੀਯੋ ਕੁਪਿ ਮੁਸਟਿ ਛਾਤੀ ਬੀਨ ॥ ੪੯ ॥ ਤਜਿ ਮੈਂ ਸਿੰਘਾਸਨ ਤਾਹਿੰ ਕੋ ਭੁਯ ਭੀਤ ਭਾਗਜੋ ਰਾਮ । ਜਗ ਲੋਕ ਸਗਲੇ ਮੈਂ ਫਿਰਜੋ ਨਹਿੰ ਰਾਖਿਓ ਕਿਨ ਸਾਮ। ਰਿਖ ਮੂਕ ਸੁ ਪਰਬਤ ਤੇ ਇਹ ਰਹੋਂ ਮੈਂ ਡਰ ਡਾਰ। ਨਹਿ ਆਹਿਬਾਲੀ ਯਾਹਿ ਮੈਂ ਰਿਖ ਸ੍ਰਾਪ ਕੋ ਭਯਭਾਰ ॥ ੫੦ ॥ ਦਿਨ ਤਾਹਿ ਤੇ ਮਮ ਭਾਰਯਾ ਵਹਿ ਮੂੜ ਭੋਗੈ ਆਪ। ਹਿਤ ਨਾਰ ਮੇਰੀਐ ਸ੍ਰੀ ਵਹਿ ਦਹੈ ਮੇ ਉਰ ਪਾਤ।ਅਸ਼ ਪਾਦ ਤੇ ਲਹਿ ਸੁਖੀ ਹੋਯੋ ਯੋਂ ਕਹੇ ਕਪਿ ਬੈਨ। ਮਿਤ੍ਰ ਕੇ ਹਿਤ ਦੁਖੀ ਹੋਏ ਰਾਮ ਵਾਰਜ ਨੈਨ ॥ ੫੧ ॥ ਦੋਹਰਾ ॥ ਤਵ ਵੈਰੀਕੋ ਮਾਰ ਹੌਂ ਜਾਹਿੰ ਹਰੀ ਤਵ ਨਾਰਿ। ਯੌ ਰਘੁਪਤਿ ਜਬ ਭਾਖਿਓ ਕਪਿ ਪਤਿ ਕੀਨ ਉਚਾਰ॥ ੫੨ ॥ ਰਾਜਨ ਬਾਲੀ ਅਤਿ ਬਲੀ ਕੈਸੇ ਮਾਰੋ ਤਾਹਿੰ। ਮਾਨੁਖ ਕੀ ਗਣਤੀ ਕਹਾਂ ਦੇਵ ਡਰੈਂ ਉਰ ਮਾਹਿੰ ॥ ੫੩ ॥ ਚੌਪਈ ॥ ਸੁਨੋ ਰਾਮ ਤੇ ਕਥਾ ਬਖਾਨੋ। ਜਾਕਰ ਤੁਮ ਬਾਲੀ ਬਲ ਜਾਨੋ। ਏਕ ਸਮੈ ਦੁੰਦਭਜਿਹ ਨਾਮਾ। ਬਡੋ ਦੇਹ ਰਾਖਸ ਬਲਵਾਨਾ ॥ ੫੪ ॥ ਕਿਸਕਿੰਧਾ ਪਤਿ ਨਿਸਕੋ ਆਯੋ। ਮਹਿਖ ਰੂਪ ਤਿਨਿ ਦੇਹ ਬਨਾਯੋ। ਬਾਲੀ ਕੋ ਰਣ ਹੇਤ ਬੁਲਾਯ। ਸੋ ਸੁਨਿ ਬਾਲੀ ਕੋਪ ਬਢਾਯੋ ॥ ੫੫ ॥ ਯੁਧ ਹੇਤ ਬਾਲੀ ਤਬ ਗਯੋ। ਮਹਿਖ ਸੀਂਗ ਤੇ ਤਾਂ ਗਹਿ ਲਯੋ।ਬਲ ਕਰ ਧਰਣੀ ਮਾਹਿੰ ਗਿਰਾਯੋ। ਪਾਦ ਏਕ ਤਿਹ ਦੇਹ ਦਬਾਯੋ

॥ ੫੬ ॥ ਹਾਥਨ ਸੋਂ ਤਿਹ ਸੀਸ ਮਰੋਰਾ। ਰਾਮ ਦੇਹ ਤੇ ਲੀਨੋ ਤੋਰਾ। ਤੋਲਨ ਕਰ ਤਿਨ ਦੂਰ ਬਗਾਯੋ। ਰਾਮ ਸੀਸ ਵਹੁ ਈਹਾਂ ਆਯੋ ॥ ੫੭ ॥ ਜੋਜਨ ਏਕ ਤਹਾਂ ਤੇ ਅਯੋ। ਮਤੰਗ ਰਿਖੀ ਆਸ੍ਰਮ ਢਿਗ ਪਯੋ। ਕਰਤ ਬ੍ਰਿਸ਼ਟ ਤਹਿੰ ਭਈ ਅਪਾਰਾ। ਪੇਖ ਮੁਨੀਸੁਰ ਕ੍ਰੋਧ ਸੁਧਾਰਾ ॥ ੫੮ ॥ ਬਾਲੀ ਕੋ ਤਬ ਸ੍ਰਾਪ ਲਗਾਯੋ। ਕ੍ਰੋਧ ਭਰੇ ਮੁਨਿ ਏਹੁ ਅਲਾਯੋ । ਮੇਰੇ ਪਰਬਤ ਆਵੈ ਜਬਹੀਂ। ਭਗਨ ਸੀਸ ਤੁੈ ਮਰੈਂ ਸੁ ਤਬਹੀਂ ॥ ੫੯ ॥ ਦੋਹਰਾ ॥ ਮਤੰਗ ਰਖੀਸੁਰ ਸ੍ਰਾਪ ਯੋ ਦੀਨੋ ਰਘੁਵਰ ਤਾਹਿੰ। ਰਿਖ ਮੂਕ ਯਾ ਪਰਬਤੇਂ ਬਾਲੀ ਆਵੈ ਨਾਹਿ॥ ੬੦॥ ਸਵੈਯਾ॥ ਏਹ ਜਾਨ ਬਲੋਂ ਏਹ ਠੌਰ ਬਿਖੇ ਸੁਨਿ ਰਾਮ ਸਭੋ ਉਰਤੇ ਡਰ ਭਾਰੀ। ਸਿਰ ਦੁੰਦਭਿ ਕੋ ਇਹ ਠੌਰ ਪਰੋ ਤੁਮ ਰਾਮ ਚਲੋ ਅਬ ਲੇਹੁ ਨਿਹਾਰੀ। ਜਬ ਤਾਹਿੰ ਚਿਖੇਪਨ ਤੇ ਸ਼ਕਤੀ ਤਬ ਬਾਲਿ ਹਨੋ ਤੁਮਹੋ ਬਲ ਧਾਰੀ। ਇਹ ਭਾਂਤਿ ਬਖਾਨ ਦਿਖਾਤ ਭਯੋ ਸਿਰ ਥੋ ਵਹੁ ਭੂ ਧਰ ਸੋਂ ਅਤਿ ਭਾਰੀ ॥ ੬੧ ॥ ਪਿਖ ਰਾਮ ਹਸੇ ਮੁਖ ਮਾਹਿੰ ਤਬੈ ਪੁਨਿ ਪਾਦ ਅੰਗੂਠਨ ਸੀਸ ਚਲਾਏ। ਦਸ ਯੋਜਨ ਜਾਇ ਪਰੇ ਤਬਹੀਂ ਕਪਿ ਨਾਇਕ ਚੀਤ ਅਚੰਭ ਸੁ ਆਏ। ਸੁਗਰੀਵ ਕਹੇ ਮੁਖ ਸ਼ਾਬਸ ਸ਼ਾਬਸ ਮੰਤ੍ਰ ਸਭੈ ਮੁਖਿ ਏਹੁ ਅਲਾਏ। ਬਲ ਪੇਖਨ ਕੀ ਪੁਨਿ ਔਰ ਕਥਾ ਕਪਿ ਨਾਇਕ ਰਾਘਵ ਪਾਸ ਸੁਨਾਏ ॥ ੬੨ ॥ ਇਹ ਭਾਲ ਰਘੂਤਮ ਸਾਤ ਪਿਖੇ ਇਕ ਏਕਹ ਆਨ ਹਿਲਾਵਤ ਬਾਲੀ। ਧਰ ਮਾਹਿ ਗਿਰੇਂ ਇਨ ਪਾਤ ਸੁਨੋ ਇਕ ਪਾਤ ਰਹੇ ਨਹਿ

ਤਾਲਨ ਭਾਲੀ। ਇਕ ਸਾਇਕ ਛਿੱਦ੍ਰ ਕਰੇ ਸਭਕੋ ਹਮ ਜਾਨਹਿ
ਤੋ ਉਰ ਮਾਰਹਿ ਬਾਲੀ। ਕਹ ਰਾਮ ਤਬੈ ਧਨੁ ਹਾਥੁ ਲਿਓ
ਅਰ ਸਾਇਕ ਏਕ ਲਿਓ ਬਲ ਸਾਲੀ॥ ੬੩॥ ਭੇਦ ਦਏ ਸਤ
ਤਾਲ ਤਬੈ ਰਘੁ ਨਾਇਕ ਸਾਇਕ ਏਕ ਚਲਾਏ। ਫੇਰਕੇ ਤਾਲ
ਨ ਭੂਧਰ ਭੂਪਨਿ ਸਾਇਕ ਰਾਮ ਨਿਖੰਗਹਿ ਆਏ। ਹੋਇ ਰਹੇ
ਬਿਸਮੈ ਸੁਗ੍ਰੀਵ ਸੁ ਰਾਮ ਕਹੇ ਉਰ ਮੈਂ ਹਰਖਾਏ। ਰਾਮਸੁ ਤੂੰ
ਜਗਨਾਥ ਅਹੋਂ ਪਰਮਾਤਮ ਯਾ ਜਗ ਜਾਹਿ ਉਪਾਏ॥ ੬੪॥
ਕ੍ਰਿਤ ਪੁਰਬ ਪੁੰਨਿ ਪ੍ਰਫੁਲ ਭਏ ਮਮ ਰਾਮਯ ਤੋ ਤਵ
ਸੰਗਤਿ ਪਾਈ। ਜਗ ਤੋਹਿ ਮਹਾਤਮ ਨੀਤ ਭਜੇ ਭਵ ਬੰਧਨ
ਤੇ ਸਭ ਦੇਹ ਮਿਟਾਈ। ਅਬ ਕੈਸਿ ਕਿ ਮੈਂ ਭਵਿਚਾਹ ਕਰੋਂ
ਬਲਰਾਮ ਲਹੇ ਤਵ ਮੋਖ ਸਹਾਈ। ਸੁਤਿ ਰਾਜ ਸੁ ਰਾਜ ਧਨਾ-
ਦਿਕ ਜੋ ਸਭ ਮਾਇਕ ਹੈਂ ਇਮ ਮੇਂ ਮਨ ਆਈ ॥੫੫॥ ਅਬ
ਦੇਵ ਨ ਦੇਵਨ ਔਰ ਚਹੋਂ ਤੁਮ ਹੋਹੁ ਪ੍ਰਸੰਨ ਮਹਾਂ ਬਲਧਾਰੀ
। ਜਗ ਆਨੰਦ ਤੇ ਪਦ ਮੋਹ ਲਏ ਕ੍ਰਿਤ ਭਾਗ ਹੁਤੋ ਕਛੁ ਮੋਹ
ਅਪਾਰੀ। ਧਨ ਹੇਤ ਯਥਾ ਨਰ ਧਾਵਤ ਕੋ ਨਿਧ ਸੋਇ ਲਹੇ
ਜਗ ਮੈਂ ਜਿਮ ਸਾਰੀ। ਆਵਿੰਦ ਕਬੰਧਨ ਆਹਿ ਜਿਤੋ ਵੈਹ
ਦੂਰ ਭਯੋ ਅਬ ਮੋਹਿ ਮੁਰਾਰੀ॥ ੬੬ ॥ ਚੌਪਈ ॥ ਯਗ
ਦਾਨ ਤਪ ਕਰੇ ਸੁ ਜੋਈ। ਸੰਸਾਰ ਬੰਧ ਨਹਿ ਜੀਰਣ ਹੋਈ
। ਉਲਟੋ ਬੰਧਨ ਦਿਢਤਾ ਗਹੇ। ਜਾਂਕਰ ਜੀਵ ਬਹੁਤ ਦੁਖ
ਲਹੇ॥ ੬੭॥ ਤੇ ਪਦ ਪੇਖਨ ਤੇ ਸੁਣਿ ਧੀਰ। ਬੰਧਨ ਮਿਟੇ
ਸੁ ਸ੍ਰੀ ਰਘੁਬੀਰ। ਆਧੋ ਖਿਣ ਤੋ ਮੈਂ ਮਨੁ ਲਾਗੇ। ਅਗਜਾਨ

ਅਨਰਥ ਮੂਲ ਸਭ ਭਾਗੇ ॥ ੬੮ ॥ ਭਾਂਤੇ ਤੋਹਿ ਬਿਖੇ ਮਨੁ ਮੇਰੋ ।ਸਦਾ ਰਹੇ ਨਹਿੰ ਔਰ ਸੁ ਹੇਰੋ। ਰਾਮ ਰਾਮ ਜਿਹ ਬਾਣੀ ਗਾਵੇ । ਸੋ ਖਿਣ ਭੀਤਰ ਪਾਪ ਮਿਟਾਵੇ ॥ ੬੯ ॥ ਬ੍ਰਹਮ ਹੱਤਿਯਾ ਔਮਦਪਾਂਨ। ਸਰਬ ਪਾਪ ਖਿਣ ਭੀਤਰ ਹਾਂਨਿ । ਰਾਮ ਨਹੀਂ ਅਰਿ ਜੀਤਨ ਚਹੋਂ । ਦਾਰ ਸੁਖਾਦਿਕ ਨਾਂ ਉਰ ਗਹੋਂ॥੭੦॥ ਤੁਮਰੀ ਭਗਤਿ ਸਦਾ ਮਮ ਹੋਈ । ਬੰਧਨ ਸਗਲ ਮਿਟਾਵੇ ਜੋਈ। ਤੁਮਰੀ ਮਾਯਾ ਹੈ ਬਲਵੰਤ । ਜਗ ਉਪਜਾਯੋ ਜਾ ਭਗਵੰਤ ॥ ੭੧ ॥ ਮੈਂ ਹੂੰ ਦਾਸ ਤੁਮਾਰੋ ਰਾਮ। ਆਯੋ ਹੋਂ ਤੁਮਰੀ ਅਬਸ਼ਾਮ। ਨਿਜ ਪਾਦਨਕੀ ਭਗਤਿ ਸੁ ਦੀਜੈ। ਭਵ ਸੰਕਟ ਤੇ ਰੱਛਨ ਕੀਜੈ ॥੭੨ ॥ ਤਵ ਮਾਯਾ ਮਮ ਹਰੇ ਨ ਗਯਾਨ। ਮੀਤ ਉਦਾਸੀ ਅਰ ਉਰ ਮਾਂਨ। ਪੂਰਬ ਭਏ ਸੁ ਮੈਂ ਉਰ ਮਾਹੀਂ । ਆਜ ਨਹੀਂ ਰਘੁਵਰ ਮਨ ਮਾਹੀਂ ॥ ੭੩ ॥ ਅਬ ਤੇ ਪਦ ਕੇ ਦਰਸ਼ਨ ਪਾਏ। ਸਰਬ ਬ੍ਰਹਮ ਮੇਰੇ ਉਰ ਆਏ। ਮਿਤ੍ਰ ਕਹਾਂਸੁ ਕਹਾਂ ਅਰਿ ਮੇਰੇ। ਸਰਬ ਬ੍ਰਹਮ ਮੇਰੋ ਮਨ ਹੇਰੇ ॥ ੭੪ ॥ ਤਵ ਮਾਇਆ ਨਰ ਗਹੇ ਸੁ ਜੌਲੌ । ਗੁਣ ਵਿਸੇਖ ਹੋਵੇਂ ਪੁਨਿ ਤੌਲੌ। ਜੌਲੌ ਮਾਇਆ ਬਲ ਭਗਵਾਨ । ਤੌਲੌ ਹੋਇ ਨ ਤੱਤ ਸੁਭਾਨ॥ ੭੫ ॥ ਅੱਗਜਾਨ ਕੀਯੋ ਨਾਮਾ ਤੁਮ ਜੌਲੌ। ਕਾਲ ਜਾਨ ਭਯ ਹੋਇ ਸੁ ਤੌਲੌ। ਯਾਂਤੇ ਜੋਊ ਅਵਿੱਦਜਾ ਗਹੇ। ਸੋਊ ਅੰਧੇਰੇ ਭਮ ਮਹਿ ਬਹੇ ॥ ੭੬ ॥ ਮਾਇਆ ਮੂਲ ਸਗਲ ਸੁ ਵਿਕਾਰਾ। ਯਹ ਮੇਰੋ ਸੁਤ ਯਹ ਮਮ ਦਾਰਾ। ਭਾਂਤੇ ਮਾਯਾ ਲੇਹੁ ਹਟਾਈ । ਤਵ ਦਾਸੀ ਮਾਯਾ ਰਘੁਰਾਈ ॥ ੭੭ ॥ ਸਵੈਯਾ ॥

ਤਵ ਪਾਦ ਬਿਖੇ ਮਤਿ ਮੋਹਿ ਲਗੇ ਤਵ ਨਾਮ ਕਥਾ ਮੁਖ ਮਾਹਿੰ ਉਚਾਰੋਂ । ਤਵ ਸੇਵਕ ਸੇਵ ਕਰੋਂ ਕਰ ਸੋਂ ਬਲ ਤੇ ਤਨਕੀ ਤਨ ਸੰਗਤ ਧਾਰੋਂ। ਤਵ ਸੇਵਕ ਔ ਗੁਰ ਕੇ ਪਦ ਕੌ ਨਿਜ ਨੈਨਨ ਯਾ ਜਗ ਨੀਤ ਨਿਹਾਰੋਂ। ਜਨਮਾਦਿਕ ਤੇ ਮਮ ਕਾਨ ਸੁਨੈ ਪਦ ਸੈਵਤ ਮੰਦਰ ਮਾਹਿੰ ਸਿਧਾਰੋਂ ॥੭੮॥ ਖਗੇਸ਼ ਧੁਜਾ ਧਰ ਤੇ ਪਦ ਧੂਰ ਮਿਲੇ ਜਗ ਪਾਵਨ ਤੀਰਥ ਸਾਰੇ । ਫਿਰ ਭੂਮਿ ਬਿਖੈ ਜਲ ਪਾਵਨ ਕੈ ਜਗ ਦੇਖ ਹਰੋਂ ਨਿਜ ਅੰਗ ਪਖਾਰੇ । ਸਿਰ ਨੀਤ ਪ੍ਰਣਾਮ ਕਰੇ ਤੁਮਰੋ ਜਗ ਪਾਵਨ ਜੋ ਪਦ ਕੰਜ ਤਿਹਾਰੇ। ਹਮ ਸੇ ਕਪਿ ਕੀ ਗਨਤੀ ਸੁ ਕਹਾਂ ਸਿਵ ਔ ਕਮਲਾਸਨ ਬੰਦਨ ਧਾਰੇ ॥ ੭੯ ॥ ਇਤਿ ਸ੍ਰੀ ਮਤ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਕਿਸਕੰਧਾ ਕਾਂਡ ਪ੍ਰਿਥਮੋਂ ਧਜਾਇ ॥ ੧ ॥

ਸ੍ਰੀ ਮਹਾਂਦੇਵ ਉਵਾਚ ॥

ਚੌਪਈ ॥ ਯੌ ਰਘੁਵਰਕੀ ਸੰਗਤਿ ਪਾਏ । ਕਪਿਨਾਇਕ ਸਭ ਪਾਪ ਮਿਟਾਏ । ਭਯੋ ਵਿਰਕਤ ਪੇਖ ਕਪਿ ਰਾਮਾ । ਹਸ ਕਰ ਬੋਲੇ ਸੁਖਕੇ ਧਾਮਾ ॥ ੧ ॥ ਮਾਇਆ ਮੋਹਿ ਕਰੀ ਜਗ ਜੋਈ। ਕਾਰਯ ਹਿਤ ਬਿਸਥਾਰੀ ਸੋਈ । ਸਖੇ ਬਖਾਨੋਂ ਤੁਹੁ ਮਮ ਜੋਈ । ਸੱਤ ਅਹੇ ਸੰਸੇ ਨਹਿੰ ਕੋਈ ॥ ੨ ॥ ਪਾਰਸ ਭਲੋ ਕਰੇਂਗੇ ਰਾਮ। ਕੀਨੋ ਕੋ ਸੁਗ੍ਰੀਵਹਿ ਕਾਮ । ਅਗਨਿ ਸਾਖਿ ਧਰ ਭੁਜਾ ਪਸਾਰੇ । ਬਨ ਕੇ ਸਖਾ ਨ ਕਾਜ ਸਵਾਰੇ ॥ ੩ ॥ ਜੋ ਅਪਵਾਦ

ਕਰੈਂਗੇ ਮੋਰੋ । ਸਖੇ ਨ ਯਾ ਮੈਂ ਸੰਸਾ ਹੋਰੋ । ਭਾਂਤੇ ਜਾਹਿ ਭਲੇ ਸੁਖ ਪਾਵੋ । ਬਾਲੀ ਕੋ ਰਣ ਹੇਤ ਬੁਲਾਵੋ ॥ ੪ ॥ ਏਕਹ ਬਾਂਣ ਤਾਹਿੰ ਕੋ ਮਾਰੋਂ । ਰਾਜ ਤਿਲਕ ਤਵ ਮਸਤਕ ਧਾਰੋਂ । ਤਬਿ ਕਪਿ ਨਾਇਕ ਤਥਾ ਬਖਾਨੀ । ਰਾਮ ਹਰੀ ਤਿਨ ਮੇਰੀ ਰਾਨੀ ॥ ੫ ॥ ਸੁੱਗ੍ਰੀਵ ਬੇਗ ਕਿਸਕੰਧਾ ਗਯੋ । ਸਿੰਘ ਨਾਦਿ ਪੁਰ ਕੇ ਢਿਗ ਕਯੋ । ਬਾਲੀ ਕੋ ਰਣ ਹੇਤ ਬੁਲਾਯੋ । ਸੁਨਿ ਬਾਲੀ ਉਰ ਕੋਪ ਸੁ ਆਯੋ ॥ ੬ ॥ ਤਾਮਰ ਨੈਨ ਲਾਲ ਅਤਿ ਭਏ । ਬੇਗ ਨਗਰ ਤੇ ਬਾਹਰ ਗਏ । ਸੁਗ੍ਰੀਵ ਜਹਾਂ ਬਾਨਰ ਥੋ ਖਰੋ । ਬੇਗ ਜਾਇ ਤਹਿ ਠੌਰੋ ਪਰੋ ॥ ੭ ॥ ਸੁਗ੍ਰੀਵ ਮੁਸ਼ਟ ਤਾਂ ਉਰ ਮੈ ਮਾਰੀ । ਪੁਨਿ ਬਾਲੀ ਨਿਜ ਬਲਹਿ ਸੰਭਾਰੀ । ਬਾਲੀ ਕ੍ਰੋਧ ਭਰੋ ਉਰ ਭਾਰਾ । ਸੁਗ੍ਰੀਵ ਦਏ ਬਹੁ ਮੁਸ਼ਟ ਪ੍ਰਹਾਰਾ ॥ ੮ ॥ ਸੁਗ੍ਰੀਵ ਬਹੁਰ ਬਾਲੀ ਕੋ ਮਾਰਾ । ਪਰਸ ਪਰੈ ਯੌਂ ਭਯੋ ਅਖਾਰਾ । ਏਕ ਰੂਪ ਦੋਨੋ ਅਤਿ ਲਰੇ । ਰਾਮ ਵਿਸ਼ੇਸ਼ ਜਾਨ ਨਹਿ ਪਰੇ ॥ ੯ ॥ ਬਾਂਣ ਨ ਮਾਰੇ ਸ੍ਰੀ ਰਘੁਰਾਈ । ਸੁਗ੍ਰੀਵ ਨਾਸ ਸੰਕਾ ਮਨਿ ਆਈ ।ਤਬ ਸੁਗ੍ਰੀਵ ਸੌਂਣਮੁਖ ਜਾਏ । ਭਯ ਬਜਾਕੁਲ ਰਨ ਛੋਡ ਪਲਾਏ ॥ ੧੦ ॥ ਬਾਲੀ ਗਯੋ ਸੁ ਭਵਨ ਮਝਾਰੀ । ਸੁਗ੍ਰੀਵ ਆਏ ਜਹ ਰਾਮ ਮੁਰਾਰੀ । ਵੈਰੀ ਭਾਈ ਬਾਲੀ ਨਾਮ । ਕਿਉ ਮਰਵਾਯੋ ਭਾਤੇ ਰਾਮ । ੧੧ ॥ ਜੋ ਮਮ ਹਨਨ ਚਾਹ ਹਰਿ ਤੋਹੀ । ਨਿਜ ਹਾਥਨ ਕਰ ਮਾਰੋ ਮੋਹੀ । ਤਵ ਹੀ ਮਮ ਉਤਸਾਹ ਸੁਦੀਨੋ । ਸੱਤ ਸਿੰਧ ਵਰ ਬਚਨ ਸੁ ਕੀਨੋਂ ॥ ੧੨ ॥ ਸਰਣਾਂਗਤਿ ਵਤਸਲ ਤਵ ਨਾਮਾ । ਕਾ ਹਿਤ ਕਰੀ ਉਪੇਖਜ

ਰਾਮਾ। ਸੁਨ ਸੁਗ੍ਰੀਵ ਬਚਨ ਰਘੁਰਾਈ। ਨੈਨਨ ਨੀਰ ਚਲਜੋ ਬਹੁ ਜਾਈ ॥ ੧੩ ॥ ਰਾਮ ਅਲਿੰਗਨ ਤਾਂਕੋ ਕਰਿਓ। ਮਤ ਭਯ ਕਰੋ ਸੁ ਮੁਖੋ ਉਚਰਿਓ। ਏਕ ਰੂਪ ਦੋਖੇ ਦੋ ਭਾਈ। ਮਿਤ੍ਰ ਘਾਤ ਸੰਕਾ ਮਨ ਆਈ ॥ ੧੪ ॥ ਯਾਤੇ ਬਾਨ ਨ ਮੋਹਿ ਚਲਾਏ। ਅਬ ਤਵ ਚਿੰਨ੍ਹ ਸੁ ਕਰੋਂ ਬਨਾਏ। ਜਾਂਤੇ ਭ੍ਰਮ ਮੇਰੋ ਮਿਟ ਜਾਇ। ਤੁੰ ਬਾਲੀ ਕੋ ਜਾਹਿ ਬੁਲਾਇ ॥ ੧੫ ॥ ਪੁਨਿ ਵੈਰੀ ਕੋ ਮੁਖੋ ਨਿਹਾਰੇ। ਰਾਮ ਸੁਗੰਦ ਸੁ ਤੋਹਿ ਉਚਾਰੇ। ਤੇ ਅਰਿ ਕੋ ਖਿਣ ਭਾਰੋਂ ਮਾਰ। ਯਾ ਬਿਧ ਰਾਮ ਵਿਲਾਸਾ ਧਾਰ ॥ ੧੬ ॥ ਲਖ ਮਣ ਪ੍ਰਤਿ ਪੁਨਿ ਰਾਮ ਬਖਾਨੀ। ਸੁਗ੍ਰੀਵ ਗਲੇ ਇਕ ਕਰੋ ਨਿਸ਼ਾਨੀ। ਫੂਲਨਕੀ ਗਲ ਮਾਲਾ ਪਾਈ। ਬਾਲੀ ਪ੍ਰਤਿ ਇਨ ਦੇਹ ਪਠਾਈ ॥ ੧੭ ॥ ਲਖਮਣ ਤਾਂ ਗਲ ਮਾਲਾ ਧਾਰੀ। ਜਾਹਿ ਜਾਹਿ ਯਹਿ ਕੀਨ ਉਚਾਰੀ । ਬਹੁ ਆਦਰ ਕਹ ਤਾਹਿੰ ਪਠਾਯੋ। ਬਾਲੀ ਕੋ ਪੁਨਿ ਤਾਹਿੰ ਬੁਲਾਯੋ ॥ ੧੮ ॥ ਅਦਭੁਤ ਸਬਦ ਜਾਇ ਤਿਨ ਕਯੋ। ਬਾਲੀ ਸੁਨਿਕਰ ਬਿਸਮੇ ਭਯੋ। ਕ੍ਰੋਧ ਭਯੋ ਬਾਲੀ ਬਲਵਾਂਨ। ਬਾਂਧ ਕਮਰ ਤਿਨ ਕੀਯੋ ਪਯਾਨ ॥ ੧੯ ॥ ਜਾਵਤ ਬਾਲੀ ਕੋ ਕਹਿ ਤਾਰਾ। ਹਾਥ ਜੋਰ ਤਿਨ ਕੀਨ ਉਚਾਰਾ। ਅਬ ਨਹਿੰ ਜਾਹੁ ਨਾਥ ਬਲਵਾਨ। ਸੰਕਾ ਮੇਂ ਉਰ ਭਈ ਮਹਾਨ ॥ ੨੦ ॥ ਅਬਹੀ ਤੈ ਰਣ ਮਾਹਿੰ ਭਗਾਯੋ। ਪੁਨਿ ਸੁਗ੍ਰੀਵ ਬੇਗਿ ਚਲ ਆਯੋ । ਕੋ ਬਲਵਾਨ ਸੁ ਭਯੋ ਸਹਾਇਕ। ਸੁਨਿ ਬੋਲੇ ਬਾਲੀ ਕਪਿਨਾਇਕ ॥ ੨੧ ॥ ਸੁਭ੍ਰਾ ਸੰਕਾ ਦੇਹਿ ਮਿਟਾਈ । ਮੈ ਰਤ ਭਜੋਂ ਬੈਠ ਘਰ ਜਾਈ। ਆਵੋਂ

ਬੇਗਤਾਂਹਿਂਰਣਮਾਰੀ। ਸਹਾਇਕਤਾਹਿਕੋਨਬਲਕਾਰੀ॥੨੨॥
ਜੋਕੋ ਆਹਿ ਸਹਾਇਕ ਤਾਂਕੋ । ਸਹਤ ਸੁੱਗ੍ਰੀਵ ਹਨੋਂਗੋ ਵਾਂਕੋ
। ਮੈਂ ਬਲਕੋ ਸੁਰ ਨਰ ਜਗ ਜਾਨੈਂ । ਤੈਰੋ ਮੁਖ ਕਜੋਂ ਭਯੋ
ਮਲਾਨੈਂ ॥ ੨੩ ॥ ਸਵੈਯਾ ॥ ਸੋਚ ਕਰੋ ਤੁਮ ਕਿਉਂ ਉਰ
ਭਾਮਨਿ ਮਾਰ ਰਿਪੁ ਅਬਹੂ ਘਰ ਆਵੋਂ । ਮੋਹ ਬੁਲਾਵਤ ਸੋ
ਰਣਿ ਮੈਂ ਇਹ ਜਾਨ ਕਹੋ ਘਰ ਕਿਉਂ ਠਹਰਾਵੋਂ । ਸੂਰ
ਕਹਾਵਤ ਮੈਂ ਜਗ ਮੈਂ ਜਸ ਚੰਦ ਕਲੰਕ ਨਹੀਂ ਅਬ ਲਾਵੋਂ ।
ਸੁੰਦਰ ਤੂੰ ਘਰਭੀਤਰ ਜਾਹਿ ਸੁ ਮੈਂ ਤੁਮਕੋ ਇਹ ਸਾਚ ਅਲਾਵੋਂ
॥ ੨੪ ॥ ਤਾਰਾਵਾਚ ॥ ਦੋਹਰਾ ॥ ਮੇਰੇ ਤੇ ਇਕ
ਔਰ ਤੁਮ ਸੁਨ ਰੈਜੋਦਰ ਆਪ। ਜੋਗ ਹੋਇ ਸੁਨਿਕੈ ਕਰੋ ਤੁਮ
ਪਤਿ ਰਵਿ ਪਰਤਾਪ॥ ੨੫ ॥ ਅੰਗਦ ਮ੍ਰਿਗਜਾ ਕੋ ਗਯੋ ਸੁਨਿ
ਬਨ ਭਾਖਿਜੋ ਮੋਹਿ। ਸੁਨੋ ਕਾਂਨ ਦੈ ਸੋ ਅਬੈ ਨਾਥ ਬਖਾਨੋ ਤੋਹਿ
॥ ੨੬ ॥ ਚੌਪਈ ॥ ਅੋਧ ਪਤੀ ਦਸਰਥ ਵਰ ਰਾਜਾ । ਤਾਂ
ਸੁਤ ਰਾਮ ਬਡੋ ਸਿਰਤਾਜਾ । ਲਖਮਣ ਭਾਈ ਸੀਤਾ ਨਾਰੀ
॥ ਤਿਨਹਿ ਮਿਲਾਯੋ ਬਿਪਨ ਅਢਾਰੀ॥ ੨੭॥ ਤਹਿੰ ਰਾਵਣ
ਸੀਤਾ ਹਰਿ ਗਯੋ। ਰਾਮ ਬਿਰਹ ਉਰ ਬਿਆਕੁਲ ਭਯੋ। ਸੀਤਾ
ਸੋਧਨ ਕੇ ਹਿਤ ਦੋਈ । ਰਿੱਖਮੂਕ ਗਿਰ ਆਏ ਸੋਈ॥ ੨੮॥
ਰਾਮ ਹਨ੍ਹੋ ਸੁਗ੍ਰੀਵ ਮਿਲਾਏ। ਬਨੈਂ ਸਖਾ ਢਿਗ ਆਗ ਜਲਾਏ
। ਰਾਮ ਪ੍ਰਤੱਗਜਾ ਯੋ ਮੁਖਗਾਈ। ਭਾਈ ਲਖਮਣ ਜਾਹਿ ਸਹਾਈ
॥ ੨੯॥ ਬਾਲੀ ਕੋ ਰਣਮਾਰੋਂ ਮੋਹੀ। ਸੁਗ੍ਰੀਵ ਕਰੋਂ ਰਾਜਾ ਅਬ
ਤੋਹੀਂ । ਯੋ ਨਿਸਚੇ ਕਰ ਦੋਊ ਆਏ । ਜੋ ਸੁਨਿਯੋ ਸੋ ਦਯੋ

ਸੁਨਾਏ ॥ ੩੦ ॥ ਸਵੈਯਾ ॥ ਇਕ ਔਰ ਸੁਨੋਂ ਅਬਹੀ ਤਿਨ ਕੋ ਤੁਮ ਮਾਰ ਭਗਾਇ ਦਯੋ ਰਣ ਮਾਹੀਂ । ਅਬ ਫੇਰ ਬੁਲਾਵਤ ਸੋ ਰਣ ਮੈਂ ਕਿਨ ਧੀਰ ਦਈ ਤਿਨਕੋ ਉਰਮਾਹੀਂ । ਤੁਮ ਬੈਰ ਤਜੋ ਤਿਨ ਸੋ ਉਰਮੈ ਸੁਗ੍ਰੀਵ ਕੁ ਆਨ ਭਲੇ ਘਰ ਮਾਹੀਂ । ਯੁਵਰਾਜ ਦਿਜੈ ਤਿਨ ਭਾਲ ਬਿਖੇ ਅਰ ਰਾਮ ਕੀ ਸ਼ਾਮ ਗਹੋ ਜਗਮਾਹੀਂ ॥ ੩੧ ॥ ਬਲਿ ਅੰਗਦ ਮੋਹਿ ਸੁ ਰਾਜ ਰਖੋ ਸਭ ਬਾਨਰ ਕੋ ਸੁ ਕਰੋ ਪ੍ਰਿਤਪਾਰੇ। ਇਹ ਭਾਂਤ ਬਖਾਂਨ ਪਰੀ ਪਦਮੈਂ ਦ੍ਰਿਗ ਸਾਨੁਜ ਤਾਹਿ ਸੁ ਜਾਵਤ ਵਾਰੇ। ਅਤਿ ਰੋਇ ਉਠੀ ਉਰ ਭੀਤ ਮਹਾਂ ਪਤਿ ਕੇ ਪਦ ਤਾਂ ਕਰ ਭੀਤਰ ਡਾਰੇ । ਪੁਨਿ ਬਾਲ ਅਲਿੰਗ ਸਨੇਹ ਕੀਯੋ ਮੁਖ ਭੀਤਰ ਤਾਂ ਇਕ ਵਾਕ ਉਚਾਰੇ ॥ ੩੨ ॥ ਨਾਰਿ ਸੁਭਾਵ ਤੇ ਤੂੰ ਡਰਪੀ ਡਰ ਨਾਹਿੰ ਅਹੇ ਕਛੁ ਰੀਚ ਹਮਾਰੇ । ਜੌ ਲਖਮੰਨ ਸੁ ਰਾਮ ਅਏ ਵਹਿ ਰਾਮ ਅਹੇ ਸੁ ਮੁਕੰਦ ਮੁਰਾਰੇ । ਰਾਮ ਕੇ ਸਾਥ ਸਨੇਹ ਬਨੈਂ ਮਮ ਤੂੰ ਉਰ ਮਾਹਿੰ ਨ ਸ਼ੰਕ ਬਿਚਾਰੇ।ਰਾਮ ਨਾਰਾਇਣ ਹੈ ਜਗਮੈਂ ਤਿਨ ਆਪ ਲਯੋ ਭਵਮੈਂ ਅਵਤਾਰੇ ॥ ੩੩ ॥ ਧਰ ਭਾਰ ਨਿਵਾਰਨ ਕਾਜ ਭਏ ਦਿਜ ਮੰਡਲ ਪੂਰਬ ਮੋਹਿ ਸੁਨਾਈ । ਨਹਿੰ ਆਪਨ ਔ ਪਰ ਪੱਖ ਤਿਨੇ ਵਹ ਹੈ ਪਰਮਾਤਮ ਸ੍ਰੀ ਰਘੁਰਾਈ । ਸਿਰਬੰਦ ਪਦਾਂਬੁਜ ਪੂਜਨ ਮੈਂ ਸੁ ਕਰੋਂ ਗ੍ਰਹਿ ਭੀਤਰ ਤਾਹਿੰ ਲਿਆਈ। ਪਦ ਸੇਵਕ ਕੇ ਵਹਿ ਸੇਵਕ ਹੈਂ ਭਗਤੀ ਹਰਿ ਸੰਗ ਸੁ ਦੇਤ ਮਿਲਾਈ ॥ ੪੩ ॥ ਜਬ ਆਪ ਅਏ ਸੁਗ੍ਰੀਵ ਇਹਾਂ ਤਬ ਮੈਂ ਤਿਨਕੋ ਰਣ ਭੀਤਰ ਮਾਰੋਂ । ਯੁਵ ਰਾਜ ਕਹਜੋ ਤਵ

ਜੋ ਮੁਖਤੇ ਤਿਨਕੋ ਪੁਨਿ ਉਤਰ ਏਹ ਉਚਾਰੋਂ । ਅਬ ਮੋਹਿ ਭੁ
ਲਾਵਤ ਹੈਂ ਰਣ ਮੈਂ ਅਬਮੈਂ ਕਿਹ ਭਾਂਤਿ ਸੁ ਰਾਜ ਪੁਕਾਰੋਂ ।
ਜਗ ਮੇਂ ਸਭ ਲੋਕ ਸੁ ਸੂਰ ਗਨੈਂ ਜਸ ਚੰਦਹਿ ਨਾਹਿੰ ਕਲੰਕ
ਸੁ ਧਾਰੋਂ ॥੩੫॥ ਉਰ ਭੀਤਰ ਮਾਂਨ ਸੁ ਭੀਤ ਮਹਾਂ ਇਹ ਭਾਂ
ਤਿ ਬਖਾਨਤ ਤਾਂਹਿ ਸੁਬਾਲੀ । ਗਜ ਗਾਮਨਿ ਨਾ ਉਰ ਸੋਚਕਰੋ
ਘਰ ਮਾਂਹਿ ਰਹੋ ਸੁਖਸੋਂ ਮਿਲ ਆਲੀ । ਇਹ ਭਾਂਤਿ ਸਮੋਧ
ਕੀਓ ਪਤਨੀਂ ਵਹਿ ਸੋਚ ਕਰੈ ਦ੍ਰਿਗ ਨੀਰ ਬਿਸਾਲੀ । ਰਵਿ
ਕੇ ਸੁਤਕੇ ਬਧ ਕਾਜ ਗਯੋ ਚਲ ਆਪ ਜਹਾਂ ਰਣਭੂਮ ਕਰਾਲੀ
॥ ੩੬ ॥ ਚੌਪਈ ॥ ਬਾਲੀ ਆਵਤ ਹੇਰਜੋ ਜਬਹੀਂ । ਭਯੋ
ਸੁਗ੍ਰੀਵ ਕ੍ਰੋਧ ਉਰ ਤਬਹੀਂ । ਗਲਿ ਮੈਂ ਫੂਲਨ ਮਾਲ ਸੁਹਾਈ
। ਪਠੰਗ ਸਮਾਨ ਪਰਜੋ ਤਹ ਜਾਈ ॥ ੩੭ ॥ ਬਾਲੀ ਕੇ ਉਰ
ਮੁਸ਼ਟ ਪ੍ਰਹਾਰਾ । ਕਰਜੋ ਸੁਗ੍ਰੀਵ ਬਾਲ ਪੁਨਿ ਮਾਰਾ । ਪੁਨਿ
ਸੁਗ੍ਰੀਵ ਬਹੁਰ ਤਨ ਬਾਲੀ । ਭਿਰੇ ਮਤੰਗ ਮਨੋਂ ਬਲ ਸਾਲੀ
॥ ੩੮ ॥ ਸਵੈਯਾ ॥ ਰਾਮ ਨਿਹਾਰ ਪ੍ਰਹਾਰ ਘਨੇਂ ਸੁਗ੍ਰੀਵ
ਕਰੇ ਅਰਿ ਕੇ ਉਰ ਮਾਹੀਂ । ਅੰਗਦ ਤਾਤ ਕਰੇ ਉਤਤੇ ਇਹ
ਭਾਂਤਿ ਭਿਰੇ ਰਨ ਮੰਡਲ ਮਾਹੀਂ । ਰਾਮ ਨਿਹਾਰ ਸੁਬਾਨ ਲਯੋਕਰ
ਸ਼ੱਕ੍ਰ ਸਰਾਸਨ ਕੇ ਗੁਨ ਮਾਹੀਂ । ਕਾਂਨ ਲੌ ਤਾਨ ਕਮਾਨ ਰੁਪੇ
ਹਰਿ ਜਾਇ ਖੜੇ ਤਰ ਕੀ ਪਰ ਛਾਹੀਂ ॥੩੯॥ ਸ਼ਿਕਰ ਛੰਦ
॥ ਹਰਿ ਹੋਇ ਤਰੁ ਕੀ ਓਟ ਮੈਂ ਪੁਨਿ ਪੇਖ ਬਾਲੀ ਬੀਰ ।
ਰਿਦੇ ਤਾਂ ਕੋ ਤਾਕ ਕੈ ਰਘੁਨਾਥ ਛੋਡਯੋ ਤੀਰ । ਭਿਤੇਦ ਛਾਤੀ
ਤਾਂਹਿੰ ਕੀ ਸਰ ਕਰੇ ਸੌਂਲਤ ਪਾਨ ॥ ਭੂਕੰਪ ਸ਼ਬਦਿ ਮਹਾਨ

ਕਰ ਕਪਿ ਗਿਰੇ ਵੈ ਬਲਵਾਨ ॥ ੪੦ ॥ ਦੋ ਘਟੀ ਲੌ ਭਨ ਮੂਰਛਾ ਪੁਨਿ ਪਾਇ ਚੇਤਨ ਧੀਰ ॥ ਆਗੇ ਖੜੇ ਦ੍ਰਿਗ ਸੋਂ ਪਿਖੇ ਦ੍ਰਿਗ ਕੰਜ ਸੇ ਰਘੁਬੀਰ ॥ ਧਨੁ ਦੇਕ ਬਾਵੇਂ ਹਾਥ ਸੋਂ ਸਰ ਦੱਖ ਹਸ੍ਤ ਫਿਰਾਇ । ਭਨ ਚੀਰ ਪਾਟ ਬਿਰਾਜਹੀਂ ਸਿਰ ਜਟਾ ਮੁਕਟ ਸੁਹਾਇ ॥ ੪੧ ॥ ਬਿਸਾਲ ਵਖ ਕਪਾਟ ਛਾਤੀ ਸ਼ੋਭ ਹੈ ਬਨ ਮਾਲ । ਨਵ ਧੂਰ ਬਾਦਲ ਸ਼ਾਮ ਸੁੰਦਰ ਭੁਜਾ ਪਰਮ ਬਿਸ਼ਾਲ । ਸੁਗ੍ਰੀਵ ਲਖਮਣ ਸੇਵ ਹੈਂ ਦੁਹੂੰ ਓਰ ਤੇ ਬਲ ਧਾਰ । ਬਾਲੀ ਬਿਲੋਕ ਸੁ ਰਾਮ ਕੋ ਪੁਨਿ ਕੀਨ ਏਹ ਉਚਾਰ । ੪੨॥ ਗੀਯਾ ਛੰਦ ॥ ਕੋ ਕੀਨ ਮੈਂ ਅਪਰਾਧ ਤੇਰੋ ਰਾਮ ਜਾਕਰ ਮਾਰਿਓ । ਤਵ ਕੀਨ ਨਿੰਦਤ ਕਰਮ ਯੌਂ ਨਹਿ ਰਾਜ ਧਰਮ ਬਿਚਾਰਿਓ । ਤਰੁਖੰਡ ਓਟ ਦੁਰਾਇ ਤਨ ਕੋ ਬੀਰ ਨਾ ਸਰ ਘਾਇ ਹੈਂ । ਚੋਰ ਜਿਉਂ ਦੁਰ ਮਾਰ ਮੋਕੋਂ ਕੌਨ ਤੂੰ ਜਸ ਪਾਇ ਹੈਂ ॥ ੪੩ ॥ ਸੰਤਾਨ ਖੱਤ੍ਰੀ ਕੋ ਹੁਤੋ ਮਨੁ ਵੈਸ ਜਨਮ ਕਹਾਵਤੋ । ਯੁਧਿ ਮੋਹਿ ਸੰਮੁਖ ਕੀਨੇ ਰਾਮ ਤੋ ਫਲ ਪਾਵਤੋ । ਸੁਗ੍ਰੀਵ ਕਾਰਯ ਕੋ ਕਰੋ ਪੁਨਿ ਨਾਂਹਿ ਕੀਨੇ ਮੋਹ ਕੋ । ਦਸਕੰਧ ਨਾਰਿ ਸੁ ਤੇ ਹਰੀ ਕਿਉਂ ਮਾਰਿਓ ਨਹਿ ਭਾਂਹਿ ਕੋ ॥ ੪੪॥ ਤਿਹ ਹੇਤ ਹੈ ਸੁਗ੍ਰੀਵ ਕੀ ਬਨ ਸ਼ਰਣ ਲੀਨੀ ਆਇਕੈ ॥ ਮਮ ਲੋਕ ਬਨ ਮੈ ਜੋ ਫਿਰੇ ਤਿਨ ਕਹਜੋ ਮੋਹਿ ਸੁਨਾਇਕੈ । ਰਾਮ ਮੈਂ ਬਲ ਲੋਕ ਮੈ ਅਿਖਜਾਤ ਛਾਨਿਓ ਨਾ ਕਹੀਂ । ਏਹ ਦਾਹੁ ਛਾਤੀ ਕੋ ਦਹੇ ਤਵ ਰਾਮ ਜਾਨਿਓ ਸੋ ਨਹੀਂ ॥ ੪੫ ॥ ਕੁਲ ਸੰਗ ਰਾਵਣ ਬਾਂਧ ਕੈ ਸਹਿ ਸੀਯ ਲੰਕ ਉਠਾਇ ਕੈ । ਜੋ ਚਾਹਤੋ

ਘਟਿ ਦੋਨ ਮੈਂ ਦਿਖਲਾਵਤੋ ਤਵ ਆਇਕੈ । ਧਰਮਿਸ੍ਰ ਭਾਖੈਂ ਆਪ ਕੋ ਸਭ ਲੋਕ ਮਾਹਿ ਪੁਕਾਰ ਕੈ । ਕੋ ਧਰਮ ਕੀਨੈਂ ਰਾਮ ਤਵ ਕਪਿ ਬਿਆਧਿ ਜਿਉਂ ਰਣ ਮਾਰਿਕੈ ॥੪੬॥ ਸ੍ਰੈਯਾ ॥ ਬਾਨਰਮਾਸ ਅਭੱਖ ਮਹਾਂ ਸਰਹੈਂ ਇਨਤੇ ਨਹਿ ਕਾਜ ਤੁਮਾਰੇ ॥ ਕਾਂਨ ਪਰੀ ਮ੍ਰਿਗ ਮਾਰਨ ਕੀ ਦੁਰ ਰਾਜਨ ਕੇ ਪਦ ਦੂਰ ਬਿਸਾਰੇ। ਸੀਸ ਜਟਾ ਤਨ ਚੀਰ ਧਰੇ ਸੁ ਤਪੋ ਧਨ ਕੇ ਸਭ ਭੇਖ ਸਵਾਰੇ। ਪੁਤ ਪੁਰੰਦਰ ਸੋਂ ਜਲ ਪੈ ਤਬ ਰਾਮਬਲੀ ਮੁਖ ਵਾਕ ਉਚਾਰੇ ॥ ੪੭ ॥ ਨਰਾਜ ਛੰਦ ॥ ਸੁਧਰਮ ਗੋਪਤਾ ਸਦਾ ਸੁ ਲੋਕ ਮਾਹਿੰ ਮੈ ਚਰੋ। ਕਰੈ ਕੁਵੰਡ ਸਾਇਕੰ ਸੰਭਾਰਿ ਆਪਨੇ ਧਰੋ। ਅਧਰਮ ਕਾਰਣੰ ਹਨੋ ਸੁ ਧਰਮ ਪਾਲਿ ਹੋਂ ਸਦਾ। ਬਿਲੰਬ ਨਾਂ ਸਹੋ ਘਰੀ ਅਧਰਮ ਪੇਖ ਹੋਂ ਯਦਾ ॥ ੪੮ ॥ ਸ੍ਰੈਯਾ। ਦੁਹਿਤਾ ਭਗਨੀ ਅਨਜਾ ਪਤਿਨੀ ਸੁਤ ਨਾਰਿ ਸਭੈ ਯਹਿਆਹਿਸਮਾਨੰ। ਇਨਮਾਹਿੰਰਮੋਮਤਿਮੂੜਸੁ ਜੋ ਵਹਿਪਾਤ ਕਵੰਤ ਸੁ ਬੈਦ ਬਖਾਨੇ । ਵਹਿ ਹੈ ਬਧ ਲਾਇਕ ਰਾਜਨ ਮੈਂ ਯਹਿ ਧਰਮ ਸਭੈ ਰਿਖਮੰਡਲ ਜਾਨੇ। ਖਲ ਤੂੰ ਲਘੁ ਭ੍ਰਾਤ ਕੀ ਨਾਰਿ ਰਮੈਂ ਬਲਕੈ ਨਹਿ ਧਰਮ ਸੁ ਰੰਚ ਪਛਾਨੇ ॥ ੪੯ ॥ ਇਹ ਤੇ ਮਮ ਧਰਮ ਬਿਚਾਰ ਭਲੇ ਬਨ ਗੋਚਰ ਤੇ ਗਹਕੈ ਸਿਰ ਮਾਰੇ। ਲਖ ਤੂੰ ਕਪਿ ਜਾਤ ਨ ਜਾਨਤ ਹੈਂ ਮਹਦਾਤਮ ਭੋਲਤ ਲੋਕ ਮਝਾਰੇ। ਸਭ ਲੋਕ ਪੁਨੀਤ ਕਰੇ ਫਿਰ ਕੈ ਨਿਜ ਦਾਸਨਿ ਕੇ ਦੁਖ ਦੂਰ ਨਿਵਾਰੇ। ਅਬਤੋ ਸੰਗ ਫੇਰ ਨ ਬੋਲਤ ਹੋਂ ਇਮ ਭਾਖ ਗਹੀ ਹਰਿ ਮੌਨ ਮੁਰਾਰੇ॥੫੦॥ ਸੋ ਸੁਨਿ ਕੈ ਉਰ ਛੀਭ

ਭਯੋ ਕਪਿ ਰਾਮ ਨਰਾਇਨ ਭਾਂਹ ਪਛਾਨੈਂ । ਪੁਤ ਪੁਰੰਦਰ ਸੀਸ ਨਵਾਯਹੁ ਰਾਘਵ ਕੇ ਪ੍ਰਤਿ ਵਾਕ ਬਖਾਨੇ । ਰਾਮ ਨਾਰਾਇਨ ਈਸ ਮਹਾਂ ਅਬ ਤੁੰ ਭਗਵੰਤ ਸੁ ਮੈਂ ਉਰਜਾਨੇ। ਸੋ ਖਿਮੀਯੇ ਅਪਰਾਧ ਭਯੋ ਕਿਛ ਨਿੱਠਰ ਵਾਕ ਜੁ ਮੋਹ ਅਲਾਨੇ ॥ ੫੧ ॥ ਚੌਪਈ ॥ ਤੇ ਸਰ ਰਾਮ ਸੁ ਮੇ ਉਰ ਲਾਗੇ । ਸਖਿ ਆਤ ਨਿਹਾਰੋਂ ਤੋ ਕੋ ਆਗੇ । ਤਜਾਗੋਂ ਪ੍ਰਾਣ ਭਾਗ ਅਤਿ ਮੇਰੇ। ਦੁਰਲਭ ਦਰਸ਼ਨ ਪੇਖੋਂ ਤੇਰੇ ॥ ੫੨ ॥ ਜਾਹਿ ਨਾਮ ਬਜਾਕੁਲ ਮਨ ਕਹੈ । ਮਰਣ ਸਮੈਂ ਨਰ ਪਰਮ ਪਦ ਲਹੈ । ਸੋ ਤੁਮ ਖਰੇ ਆਜ ਮਮ ਆਗੇ । ਭਾਲ ਭਾਗ ਮੇਰੇ ਅਤਿ ਜਾਗੇ ॥ ੫੩॥ ਰਾਮ ਪੁਰਾਤਨ ਪੁਰਖ ਪਛਾਨੋ। ਸੀਤਾ ਕੋ ਪਦਮਾ ਉਰ ਜਾਨੋ । ਰਾਵਣ ਕੋ ਬਧਹਿਤ ਅਵਤਾਰੀ । ਤੈਂ ਲੀਨੋ ਬਿਨਤੀ ਮੁਖਚਾਰੀ ॥ ੫੪ ॥ ਆਇਸ ਦੀਜੇ ਮੋਹਿ ਨਾਰਾਇਣ। ਗਯੋ ਚਹੌਂ ਤੁਮਰੇ ਅਬ ਆਇਣ। ਮੋਸਮ ਬਲ ਅੰਗਦ ਯਹ ਬਾਲਾ । ਤਾਂ ਪਰ ਕਰੁਣਾ ਕਰੋ ਬਿਸਾਲਾ ॥੫੫॥ ਤੀਰ ਨਿਕਾਰੋ ਉਰਤੈ ਰਾਮ । ਹਾਥ ਲਗਾਵੋ ਕਰੁਣਾ ਧਾਮ । ਰਾਮ ਤਥਾ ਤਿਨ ਬਾਣ ਨਿਕਾਰ । ਹਾਥ ਲਗਾਯੋ ਕਰਣਾ ਧਾਰੁ ॥੫੬॥ ਸਵੈਯਾ ॥ ਤਬ ਬਾਨਰ ਦੇਹ ਤਜੀ ਕਪਿ ਨਾਇਕ ਹੋਇ ਸੁਰੇਸ਼ ਗਇਓ ਖਿਨ ਮਾਹੀਂ । ਸਰ ਰਾਮ ਹਤੋ ਪੁਨਿ ਸੀਤਲ ਪਾਨ ਛੁਹਾਇ ਦਏ ਤਿਨ ਕੇ ਤਨ ਮਾਹੀਂ । ਤਜ ਦੇਹ ਸ਼ਿਤਾਬ ਸੁਕੀਸ਼ਨ ਕੀ ਪੁਨਿ ਬੇਗ ਗਇਓ ਹਰਿਕੇ ਪਦਮਾਹੀਂ । ਪਰਮ ਹੰਸ ਲਏ ਪਦ ਜੋ ਦੁਖ ਕੈ ਵਹਿ ਅੰਗਦ ਤਾਤ ਲਹਯੋ ਪਲ ਮਾਹੀਂ ॥ ੫੭ ॥ ਇਤਿ ਸ੍ਰੀ

ਮਤਿ ਅਧਜਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਕਿਸ
ਕਿਧਾ ਕਾਂਡੇ ਦੁਤੀਯੋ ਧਜਾਇ ॥ ੨ ॥

ਸ੍ਰੀ ਮਹਾਂ ਦੇਉ ਵਾਚ ॥ ਦੋਹਰਾ ॥

ਬਾਲੀ ਮਾਰੇ ਰਣ ਬਿਖੇ ਰਾਮ ਪਰਮਾਤਮ ਆਪ ।
ਕਿਸਕਿੰਧਾ ਪ੍ਰਤਿ ਭਾਗ ਤਬ ਕਪਿ ਉਰ ਬਡੇ ਸੰਤਾਪ ॥੧॥

॥ ਸਵੈਯਾ ॥ ਅੰਗਦ ਤਾਤ ਮੁਯੋ ਰਣਮੈ ਇਮ ਆਇ ਕਹੀ
ਕਪਿ ਮੰਦਰ ਤਾਰਾ । ਅੰਗਦ ਕੇ ਪੁਰਿ ਪਾਲਨ ਕੇ ਹਿਤ
ਆਜ ਕਹੋ ਸਭ ਬੋਲ ਸਿਧਾਰਾ । ਪਾਲਹਿੰ ਗੇ ਪੁਰਿ ਕੋ
ਸਗਲੇ ਹਮ ਚਾਰ ਸੁ ਦੁਆਰਨ ਬਾਂਧ ਕਿਵਾਰਾ॥ ਬਾਨਰਰਾਜ
ਕਰੇ ਸਗਲੋ ਸੁਨਿ ਭਾਮਨਿ ਅੰਗਦ ਬਾਲ ਤੁਮਾਰਾ ॥ ੨ ॥
ਪਤਿਕੀ ਮ੍ਰਿਤ ਤਾਹਿੰ ਸੁਨੀ ਜਬਹੀ ਅਤਿ ਸ਼ੋਕ ਭਯੋ ਤਿਨ
ਚੀਤ ਮਝਾਰੇ । ਅਤਿ ਰੋਵਤ ਭਾਲ ਸੁ ਪਾਣ ਹਨੇ ਪੁਨਿਸ਼ੋਕ
ਭਰੀ ਉਰ ਭੀਤਰ ਮਾਰੇ । ਧਨ ਮਾਲ ਸੁ ਅੰਗਦ ਰਾਜਪੁਰੀ
ਨਹਿ ਰੰਚਕ ਹੈ ਕਛੁ ਕਾਜ ਹਮਾਰੇ । ਅਬਹੀਂ ਮਰਣਾ ਮਮ
ਲੋਕ ਭਏ ਪਤਿ ਸੰਗਿ ਚਲੋਂ ਜਹਿ ਜਾਹਿੰ ਪਿਆਰੇ ॥੩॥ ਇਹ
ਭਾਂਤ ਉਚਾਰ ਸੁ ਰੋਵਤ ਹੈ ਕਰ ਖੋਲ ਘਨੀ ਤਿਹ ਧੂਰ
ਲਗਾਈ । ਜਿਹ ਠੌਰ ਪਰੇ ਰਣ ਨਾਥ ਕਲੇਵਰ ਸ਼ੋਕ ਭਈ ਸੁ
ਤਹਾਂ ਚਲਿਆਈ । ਤਨ ਸੌਂਜਤ ਧੂਰ ਸੁ ਪੂਰ ਰਹੇ ਪਤਿਪੇਖ
ਧਰਾ ਸੁਧਿ ਦੇਹ ਭੁਲਾਈ॥ਅਤਿ ਰੋਵਤ ਨਾਥਹਿ ਨਾਥ ਕਹੇ ਮਨ
ਬਯਾਕੁਲ ਤਾਂ ਪਦ ਮੈਂ ਲਪਟਾਈ ॥੪॥ ਇਹ ਭਾਂਤਿ ਬਿਲਾਪ
ਕਰੇ ਪਤਿ ਪਾਦਨ ਰਾਮ ਖੜੇ ਤਿਨ ਪਾਸ ਨਿਹਾਰੇ । ਤੁ ਜਾਂ
ਸਰਮ ਰਾਮ ਮੁਮੋਹਿ ਹਨੇ ਸਰ ਤਾਹਿੰ ਹਨੋ ਮਸੋ ਪਤਿ ਰਾਰੇ ।

ਪਤਿ ਚਾਹਤ ਮੋਹ ਚਲੋਂ ਪਤਿ ਲੋਕ ਸੁ ਆਪ ਗਏ ਜਹਿੰ ਨਾਥ ਹਮਾਰੇ। ਸੁਨਿ ਮੋਹਿ ਬਿਨਾ ਰਘੁ ਨਾਥ ਤਿਨੈ ਦੁਖ ਹੋਵਤ ਹੈ ਸੁਰ ਲੋਕ ਮਝਾਰੇ ॥ ੫ ॥ ਚੌਪਈ ॥ ਨਾਰਿ ਵਿਯੋਗ ਦੁੱਖ ਅਤਿ ਭਾਰਾ। ਰਾਮ ਸਗਲ ਤਵ ਆਪ ਨਿਹਾਰਾ ॥ ਬਾਲੀ ਪ੍ਰਤਿ ਅਬ ਮੋਹ ਪਠਾਵੋ। ਪਤਿਨੀ ਦਾਨ ਰਾਮ ਫਲ ਪਾਵੋ॥੬॥ ਸ਼ਿਕਰ ਛੰਦ ॥ ਭੋਗ ਰਾਜ ਸੁਗ੍ਰੀਵ ਤੂੰ ਮਿਲਿ ਤੁਮ ਪਧਾਰੀ ਨਾਰਿ। ਰਾਮ ਕੀਨੋ ਰਾਜ ਤੋਕੋ ਨਾਹਿੰ ਮੇਰੋ ਮਾਰਾ॥ਇਹਭਾਂਤਿ ਭਾਰਾ ਬਿਲਪਤੀ ਪਿਖ ਰਾਮ ਪਰਮ ਕ੍ਰਿਪਾਲ। ਸੰਬੋਧ ਕੀਨੋ ਭਾਂਹਿ ਕੋ ਕਹਿ ਤਤ ਗਜਾਨ ਬਿਸਾਲ ॥ ੭ ॥ ਕਜੋਂ ਸ਼ੋਕ ਕੀਰੂ ਤੂੰ ਕਰੇ ਪਤਿ ਸ਼ੋਕ ਲਾਇਕ ਨਾਹਿੰ। ਕਹਿ ਸਾਚ ਮੋਕੋ ਭਾਵਨੀ ਪਤਿ ਜੀਵਕੈ ਤਨੁ ਆਹਿੰ। ਤੁਚ ਮਾਸ ਹਾਡ ਸੁ ਸੋਂਣ ਤੋ ਤਨ ਪੰਚਿ ਭੂਤਕ ਜੋਇ।ਕਰਕਾਲ ਕਰਮੁ ਸੁ ਜੋਤਯੋ ਵਹਿਪਰੋ ਆਗੇ ਸੋਇ ॥ ੮ ॥ ਜੋ ਜੀਵ ਮਾਨੈ ਤੈ ਪਤੀ ਵਹਿ ਰੋਗ ਬਿਨੁ ਜਗ ਆਹਿ। ਨਹਿੰ ਮਰੈ ਜਾਮੈ ਬੈਠ ਹੈ ਪਥ ਮਾਹਿੰ ਚਾਲੈ ਨਾਹਿੰ। ਨਹਿੰ ਪੁਰਖ ਨਾਰਿ ਨਪੁੰਸਕੋ ਵਹਿ ਜੀਵ ਸਭ ਗਤਿ ਆਹਿ। ਅਦੁਤੀ ਏਕ ਅਕਾਸ਼ ਸੋ ਨਹਿੰ ਲੇਪ ਹੈ ਕਛੁ ਤਾਹਿੰ ॥ ੯॥ ਦੋਹਰਾ॥ਨਿਤ ਗਜਾਨ ਮਯ ਸੁੱਧ ਹੈ ਜੀਵ ਸਨਾਤਨ ਰੂਪ । ਤਾਰਾ ਸ਼ੋਕ ਨ ਕੀਜੀਯੈ ਤਜੋ ਸੁ ਭ੍ਰਮ ਅਤ ਕੂਪ ॥ ੧੦॥ ਤਾਰਾ ਵਾਚ ॥ ਚੌਪਈ ॥ ਦੇਹ ਕਾਠਵਤ ਜੋ ਜੜ ਰਾਮ । ਜੀਵ ਸਨਾਤਨ ਚੇਤਨ ਧਾਮ। ਦੁਖ ਸੁਖ ਤਬ ਕਿਨਕੋ

ਹੋਈ। ਰਾਮ ਬਿਚਾਰ ਕਹੋ ਮਮ ਸੋਈ ॥ ੧੧ ॥ ਸ੍ਰੀਰਾਮੋ ਵਾਚ ॥ ਚੌਪਈ ॥ ਤਾਰਾ ਪ੍ਰਸ਼ਨ ਕਰਜੋ ਤੁਮ ਐਸੋ । ਕੋਵਿਦ ਕੋਇ ਕਰੇ ਸੋ ਜੈਸੋ । ਅਹੰਕਾਰ ਕੋ ਦਿਢ ਸੰਬੰਧ। ਤਨ ਇੰਦ੍ਰਯ ਸੋ ਭਇਓ ਭ੍ਰਿ ਸੰਧ॥੧੨॥ਜੌ ਲੌ ਹੈ ਤੌਲੌ ਸੰਸਾਰਾ । ਅੱਗਜਾਨ ਮੂਲ ਆਤਮ ਬਿਕਾਰਾ । ਮਿੱਥਜਾ ਯਹਿ ਸੰਸਾਰ ਬਤਾਏ । ਤਦਪ ਨਿਬ੍ਰਿਤ ਆਪ ਨਹਿ ਪਾਏ ॥ ੧੩ ॥ ਵਿਖੈ ਧਜਾਨ ਜਿਉਂ ਜਾਗ੍ਰਤ ਕਰੇ। ਸੁਪਨੇ ਮਾਹਿ ਅਨਰਥਨ ਪਰੇ । ਅਨਾਦਿ ਵਿਦਜਾ ਅਰ ਤਿਨ ਕਾਰਧ। ਹੰਕਾਰਾਦਿਕ ਜੋਅਹੇ ਅਨਾਰਧ ॥ ੧੪॥ ਧਹੀ ਅਸਾਰ ਸੁ ਧਾਹ ਅਸਾਰੀ । ਰਾਗ ਦ੍ਵੈਖ ਕਰ ਬਜਾਕੁਲ ਭਾਰੀ । ਮਨਹੀ ਯਹਿ ਸੰਸਾਰ ਭਨੀਜੈ। ਮਨਹੀ ਬੰਧਨ ਰੂਪ ਕਹੀਜੈ ॥ ੧੫ ॥ ਆਤਮ ਮਨ ਕੇ ਹੋਇ ਸਮਾਨੇ । ਬੰਧਨ ਆਪਨ ਮਾਹਿੰ ਸੁ ਮਾਨੇ । ਜਿਉ ਸਫਟਕ ਅਤਿ ਉੱਜਲ ਅਹੈ । ਲਾਲ ਕੁਸਮ ਕੀ ਸੰਗਤਿ ਗਹੈ ॥ ੧੬॥ ਲਾਲ ਵਰਨ ਤਿਨ ਭੀਤਰ ਹੋਈ । ਵਸਤ ਵਿਚਾਰੇ ਵਰਣ ਨ ਕੋਈ । ਬੁਧ ਇੰਦ੍ਰਯਕੀਸੰਗਤਿਧਾਰੀ। ਆਤਮਭਯੋ ਸੁ ਤਿਉਂ ਸੰਸਾਰੀ ॥ ੧੭ ॥ ਆਤਮ ਲਿੰਗ ਸਰੀਰ ਸਜੋਜ । ਪਾਇ ਲਿੰਗ ਤਿਨ ਜਨੇ ਸੁ ਭੋਗ। ਭੋਗ ਭੋਗ ਗੁਨ ਬਾਂਧਜੋ ਜੋਈ। ਪਰਵਸ ਫਿਰੈ ਸੁ ਜਗਮੈਂ ਸੋਈ॥ ੧੮ ॥ ਆਦਿ ਬਿਖੇ ਮਨ ਗੁਣਹਿ ਨਿਹਾਰੈ । ਪਾਛੈ ਤੇ ਬਹੁ ਕਾਮਨ ਧਾਰੈ । ਸਾਂਤਕ ਰਾਜਸ ਤਾਮਸ ਭੇਦਾ। ਪਾਇ ਜੋਨ ਬਹੁ ਲਹੈ ਸੁਖੇਦਾ ॥ ੧੯ ॥ ਯਾ ਬਿਧਿ ਕਰਮਨ ਕੇ ਆਧੀਨਾ । ਭ੍ਰਮੈ ਜੀਵ ਜਗ ਜਿਉਂ ਜਲ ਮੀਨਾ ।

ਪਰਲੇ ਲੌ ਯਾ ਬਿਧ ਦੁਖ ਪਾਵੈਂ। ਬਹੁਰੋ ਜਾਇ ਪ੍ਰਕ੍ਰਿਤ ਸਮਾਵੈਂ ॥੨੦॥ ਪੂਰਬ ਕ੍ਰਿਤ ਉਪਾਸ਼ਨ ਜੋਈ। ਵਾਸਿਨ ਕਰਮ ਮਿਲੇ ਪੁਨਿ ਦੋਈ॥ਅਨਾਦ ਅਵਿਦਜਾ ਕੇ ਵਸਿ ਪਰਿਯੋ। ਸ੍ਰਿਸ਼ਟਿਕਾਲ ਬਹੁਰੋ ਨਿਹ ਸਰਿਯੋ ॥੨੧॥ਯਾ ਬਿਧਿ ਜੀਵ ਭ੍ਰਮੇ ਬਹੁਬਾਰਾ। ਘਟੀ ਯੰਤ੍ਰ ਜਿਉ ਦੁੱਖ ਅਪਾਰਾ। ਉਦੈ ਹੋਇ ਜਬ ਪੁੰਨ ਕਮਾਏ। ਸੰਤਨ ਕੀ ਸੰਗਤਿ ਤਬ ਪਾਏ॥ ੨੨॥ ਮੇਰੇ ਭਗਤਿ ਸ਼ਾਂਤਿ ਉਰ ਜੋਈ । ਮੋਮੈਂ ਮਤਿ ਉਪਜਾਵੈਂ ਤੋਈ। ਪੁਨਿ ਮਮ ਕਥਾ ਸ੍ਰਵਣ ਰੁਚਿ ਹੋਈ। ਦੁਰਲਭ ਯਹੈ ਜਗਤ ਮੈਂ ਸੋਈ॥੨੩॥ ਬਹੁਰੋ ਭਤੁ ਸਰੂਪ ਗਜਾਨ। ਬਿਨਾਖੇਦ ਹੋਵੇ ਤਿਹ ਭਾਨ॥ ਵਾਕ ਅਰਥ ਕੋ ਗਜਾਨ ਸੁ ਜੋਈ। ਗੁਰ ਪ੍ਰਸਾਦਿ ਕਰ ਉਪਜੇ ਸੋਈ ॥ ੨੪ ॥ ਤਨੁ ਇੰਦ੍ਰਯ ਮਨ ਪ੍ਰਾਨ ਪੈਕਾਰ ॥ ਇਨਤੇ ਭਿੰਨ ਜੁ ਰੂਪ ਉਦਾਰ। ਸੱਤ ਅਨੰਦ ਸੁ ਏਕ ਅਨੂਪ। ਤਾਂਕੋ ਜਾਨ ਸੁ ਆਤਮ ਰੂਪ॥੨੫॥ਹੋਵੈ ਮੁਕਤਿ ਬਾਰ ਨਹੀਂ ਲਾਗੇ। ਬੰਧਨ ਸਰਬ ਸੁ ਜਰਾ ਕੇ ਭਜਾਗੇ। ਮੋਹਿ ਬਖਾਨਿਯੋ ਭਾਮਨਿ ਜੋਈ। ਸੱਤ ਅਹੇ ਸੰਸੇ ਨਹੀ ਕੋਈ॥ ੨੬ ॥ ਯਾ ਬਿਧ ਮੋਹਿ ਬਖਾਨਜੋ ਸਾਰ। ਕਰੈ ਨਿਰੰਤਰ ਯਾਹਿ ਬਿਚਾਰ। ਤਾਂਕੋ ਦੁਖ ਜਗਤ ਕੇ ਜੇਈ । ਨਾਹਿੰ ਕਦਾਚਿਤ ਹੁਹੈ ਤੇਈ ॥ ੨੭ ॥ ਤਾਰਾ ਤੂੰ ਪੁਨਿ ਏਹ ਨਿਰੰਤਰਿ। ਮੋਹ ਕਹਿਜੋ ਹੈਰੋ ਉਰ ਅੰਤਰਿ। ਨਾਹ ਛੁਹੈ ਤੁਹਕੋ ਦੁਖ ਜਾਲਾ। ਕਰਮ ਬੰਧਨ ਤੇ ਮਿਟੈ ਕਰਾਲਾ॥ ੨੮ ॥ ਸੁਭੁਤੇ ਪੂਰਬ ਭਵ ਮਾਹੀਂ। ਉਤਮ ਭੁਗਤ ਕਰੀ ਮਮ ਮਾਹੀਂ।ਤਾਂਤੇ ਮੋਰੋ ਦਰਸ਼ਨ ਪਾਯੋ। ਅਬਤੇ

ਬੰਧਨ ਸਗਲ ਮਿਟਾਯੋ ॥ ੨੯ ॥ ਮੇਰੋ ਰੂਪ ਧਿਆਇ ਮਨ ਮਾਹੀ । ਮੋਖ ਰਹਿਓ ਹੈਰੋ ਉਰ ਮਾਹੀ । ਪ੍ਰਵਾਹ ਪਤਿਤ ਕਾਰਯ ਹੈ ਜੋਈ । ਕਰੋ ਨਿਰੰਤਰ ਲੇਪ ਨ ਹੋਈ ॥੩੦॥ ਸ੍ਰੀ ਰਾਮ ਏਹ ਭਾਂਤ ਬਖਾਨੀ । ਸੁਨਿ ਤਾਰਾ ਸੀਤਾ ਪਤਿ ਬਾਨੀ । ਤਨ ਅਭਿ ਮਾਨ ਜੁ ਸ਼ੋਕ ਤਿਆਗ । ਸ੍ਰੀ ਰਘੁਵਰ ਕੇ ਪਾਇਨ ਲਾਗ ॥ ੩੧ ॥ ਆਤਮ ਅਨਭਵ ਲਹਿ ਹਰਖਾਨੀ । ਜੀਵਨ ਮੁਕਤਿ ਭਈ ਦੁਖ ਹਾਨੀ । ਰਾਮ ਪਰਮਾਤਮ ਨਰ ਅਵਤਾਰ । ਵਾਂਕੀ ਸੰਗਤਿ ਪਾਇ ਉਦਾਰ ॥ ੩੨ ॥ ਅਨਾਦਿ ਬੰਧ ਸਭ ਦੂਰ ਨਿਵਾਰੇ । ਮੁਕਤਿ ਭਈ ਕਿਲਵਿਖ ਸਭ ਟਾਰੇ । ਮੁਕਤਿ ਕਲਪ ਦ੍ਰੁਮ ਰਾਮ ਉਦਾਰਾ । ਉਮਾਂ ਫਿਰੈ ਵਹਿ ਵਿਪਨ ਮਝਾਰਾ ॥ ॥ ੩੩॥ ਸ੍ਰੈਯਾ ॥ ਸੁਨਿਕੈ ਸੁਗ੍ਰੀਵ ਸੁ ਏ ਬਤੀਆਂ ਮੁਖ ਰਾਮ ਕਹੀ ਉਰ ਅੰਤਰ ਧਾਰੀ। ਸੁਅਸਤ ਭਯੇ ਉਰ ਭੀਤਰ ਸੋ ਨਿਖ ਲੋ ਅਗਜਾਨ ਸੁ ਦੂਰ ਨਿਵਾਰੀ । ਪੁਨਿ ਵਾਰਜ ਨੈਨ ਸੁ ਰਾਮ ਭਲੇ ਸੁਗ੍ਰੀਵ ਬੁਲਾਇ ਸੁ ਏਹ ਉਚਾਰੀ । ਸੁਣਿ ਭ੍ਰਾਤ ਬਡੇ ਸ਼ਵ ਕੀ ਕ੍ਰਿਤ ਜੋ ਸੁਤ ਤਾਹਿ ਬੁਲਾਇ ਕਰਾਇ ਸੁ ਸਾਰੀ ॥੩੪॥ ਦੋਹਰਾ ॥ ਮੇਰੀ ਆਇਸ ਮਾਨਕੈ ਕਰੋ ਸਗਲ ਕ੍ਰਿਤ ਸੋਇ ॥ ਉਰਧ ਦੇਹ ਕੇ ਹੇਤ ਕਰ ਬੇਦ ਬਖਾਨਜੋ ਜੋਇ ॥ ੩੫ ॥ ਸਵੈਯਾ ॥ ਮਾਨ ਸੁਗ੍ਰੀਵ ਬੁਲਾਇ ਬਲੀ ਕਪਿ ਬਾਲੀ ਕੀ ਦੇਹ ਸੁ ਲੀਨ ਉਠਾਈ । ਫੂਲਨ ਕੇ ਸੁ ਬਿਬਾਨ ਬਿਖੇ ਸੁਭ ਨੀਰ ਨ੍ਹਵਾਇ ਉਠਾਇ ਸੁ ਪਾਈ । ਰਾਜਨ ਕੇ ਉਪਚਾਰ ਬਡੇ ਸਭ ਤਾਹਿੰ ਸਮੈਂ ਤਿਨ ਲੀਨ ਬੁਲਾਈ । ਬਾਮਨ ਮੰਤ੍ਰ

ਬਜੀਰ ਘਨੇ ਪੁਨਿ ਦੁੰਦਭਿ ਭੇਰ ਅਨੇਕ ਬਜਾਈ ॥ ੩੬ ॥
ਬਾਨਰ ਕੇ ਸਿਰਦਾਰ ਬਡੇ ਪੁਨਿ ਅੰਗਦ ਔ ਪੁਰਬਾਸ ਘਨੇਰੇ। ਅੰਗਦ ਮਾਤ ਰੁਮਾਂ ਬਿਲਲਾਤ ਚੁਚਾਤਨ ਨੈਨ ਪਤੀ ਕਰ ਟੇਰੇ। ਚੰਦਨ ਕਾਟ ਬਨਾਇ ਚਿਤਾ ਪੁਨਿ ਅੰਗਦ ਦਾਹ ਦਯੋ ਚੁਕ ਨੇਰੇ। ਨੀਰ ਸੋਂ ਨਾਇ ਤਿਲੋਦਿਕ ਦਾਂਨ ਭਯੋ ਪੁਨਿ ਅੰਗਦ ਲੇ ਪਿਤ ਮੇਰੇ॥ ੩੭॥ ਸੰਬਰਣਾਇ ਪਟੰਬਰ ਲੈ ਪੁਨਿ ਰਾਮ ਸਮੀਪ ਸਭੈ ਚਲਿ ਆਏ। ਰਾਮ ਪਦਾਂਬੁਜ ਬੰਧਨ ਕੈ ਸੁਗ੍ਰੀਵ ਤਬੈ ਇਹ ਬੈਨ ਅਲਾਏ। ਬਾਨਰ ਰਾਜ ਕਰੋ ਏਹ ਰਾਮ ਸਮ੍ਰਿਧ ਬਡੀ ਸ ਪਰੇ ਹਮ ਪਾਏ। ਮੈ ਤਵ ਦਾਸ ਸੁ ਪਾਦ ਭਜੋਂ ਲਖ ਮੰਨ ਜਿਵੇਂ ਪਦ ਸੇਵ ਕਮਾਏ॥ ੩੮॥ ਯੌ ਸੁਗ੍ਰੀਵ ਕਹਜੋ ਜਬ ਹੀਂ ਤਬ ਰਾਮ ਹਸੇ ਮੁਖ ਏਹ ਬਖਾਨੀ। ਬੇਗ ਚਲੋ ਪੁਰ ਭੀਤ ਰ ਤੁੰ ਮਮ ਆਇਸਲੈ ਭਵ ਪ੍ਰੀਤ ਸੁ ਜਾਨੀ। ਬਾਨਰ ਰਾਜ ਕਰੋ ਸਗਲੋ ਅਭਿਖੇਕ ਕਰੋ ਅਪਨੀ ਰਜਧਾਨੀ। ਮੀਤ ਨ ਮੈਂ ਪੁਰ ਮਾਹਿ ਬਰੋਂ ਦਸ ਚਾਰ ਸਮਾਂ ਉਰ ਮੈ ਇਹ ਠਾਨੀ ॥ ੩੯ ॥ ਚਾਲਹਿੰਗੇ ਪੁਰ ਭੀਤਰ ਤੇ ਸੁਗ੍ਰੀਵ ਸੁਨੋ ਯਹਿ ਭ੍ਰਾਤ ਹਮਾਰੇ। ਅੰਗਦ ਕੋ ਯੁਵਰਾਜ ਦਿਜੋ ਕਰ ਆਦਰ ਯੌਂ ਕਰਿਓ ਪ੍ਰਭ ਪਾਰੇ। ਪਾਵਸ ਕੇ ਦਿਨ ਸਾਨੁਜ ਮੈ ਗਿਰ ਸੀਸ ਬਸੋ ਪੁਰਤੇ ਸੁ ਕਨਾਰੇ। ਤੁੰ ਪੁਰ ਮੈ ਬਾਸਕੈ ਸੁਨਿਓ ਸੀਯ ਸੋਧਨ ਕੋ ਪਠੀਓ ਹਲਕਾਰੇ॥੪੦॥ ਰਾਮ ਪਦਾਂਬਜ ਬੰਦਨ ਕੈ ਸੁਗ੍ਰੀਵ ਚਲੇ ਉਰ ਆਇਸ ਮਾਨੀ। ਦੇਵ ਕਹੋ ਨਿਜਦਾਸ ਯਥਾ ਤਿਮ ਜਾਵਤ ਹੋਂ ਕਪ ਕੀ ਰਜਧਾਨੀ। ਰਾਮ ਕੀ ਆਇਸ ਮਾਨ

ਗਏ ਕਪਿ ਨਾਇਕ ਔ ਲਖਮਿਨ ਸਮਾਨੀ। ਜਾਇ ਪੁਰੀ ਕ੍ਰਿਤ ਸੋਇ ਕਰੀ ਰਘੁਨਾਇਕ ਜੋ ਮੁਖਿ ਮਾਹਿੰ ਬਖਾਨੀ ॥ ੪੧ ॥
॥ ਕੀਸਨ ਰਾਜ ਸੁ ਪਾਇ ਕਪੀਸੁਰ ਰਾਮ ਕੇ ਭ੍ਰਾਤ ਕੋ ਪੂਜਨ ਕੀਨੋ। ਰਾਮ ਕੇ ਭ੍ਰਾਤ ਤਬੈ ਪੁਰ ਤੇ ਚਲ ਰਾਮ ਕੇ ਪੰਥ ਬਿਖੈ ਮਨ ਦੀਨੋ। ਪਾਦ ਪ੍ਰਣਾਮ ਕੀਜੋ ਹਰਿ ਕੇ ਪੁਨਿ ਆਇ ਖੜੇ ਢਿਗ ਰਾਮ ਅਧੀਨੋ। ਪ੍ਰਵਰਖਨ ਭੂਧਰ ਕੇ ਸਿਰਮੈ ਇਕ ਪੇਖ ਗੁਫਾ ਅਤਿ ਰੂਪ ਨਵੀਨੋ ॥ ੪੨ ॥ ਸੁਧ ਸਫਾਟਕ ਸੋ ਵਹਿ ਕੰਦਰ ਦੀਪਤਿ ਦੀਪ ਪਿਖੇ ਰਵਿ ਲਾਜੇ। ਖ੍ਵੈਦ ਨ ਆਤ ਪਰਾਤ ਨਿਵਾਰਕ ਮੂਲ ਫਲਾਦਿਕ ਹੈਂ ਢਿਗ ਛਾਜੇ। ਰਾਘਵ ਵਾਸ ਕੇ ਹੇਤ ਕਰੀ ਰੁਚਿ ਭ੍ਰਾਤ ਬਲੀ ਲਘੁ ਸੰਗ ਬਿਰਾਜੇ। ਵੈ ਜਗ ਪਾਲਕ ਭ੍ਰਾਤ ਦੋਊ ਗਿਰਜਾ ਨ ਛਜੇ ਨਰ ਤੇ ਨਿਰ ਲਾਜੇ ॥ ੪੩ ॥ ਸ਼ਿਕਰ ਛੰਦ ॥ ਦਿੱਬ ਮੂਲ ਫਲ ਪੁਸ਼ਪ ਸੋਂ ਜਹਿੰ ਲਏ ਅਵਨੀ ਡਾਲ। ਮੁਕਤਾ ਸਮਾਨ ਸੁ ਉਜਲੇ ਜਲ ਭਰੇ ਤਾਲ ਬਿਸਾਲ। ਬਹੁ ਵਰਨ ਮ੍ਰਿਗ ਬਿਹੰਗ ਸੋਹੇ ਸੋਭ ਗਿਰਹਿ ਅਪਾਰ। ਰਘੁ ਕੁਲੋਤਮ ਰਾਮ ਜੀ ਤਹਿੰ ਬਾਸ ਕੀਨ ਮੁਰਾਰਿ ॥ ੪੪ ॥

ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਕਿਸਕਿੰਧਾ ਕਾਂਡੇ ਤ੍ਰਿਤੀਯੋ ਧਜਾਇ ॥ ੩ ॥

ਸ੍ਰੀ ਮਹਾਂਦੇਵ ਉਵਾਚ ॥

ਸਵੈਯਾ ॥ ਪਾਵਸਿ ਕੇ ਦਿਨ ਰਾਮ ਤਹਾਂ ਮਹਿ ਕੰਦਰ

ਮੰਦਰ ਬਾਸ ਕੀਏ । ਮੂਲ ਫਲਾਦਿਕ ਭੋਜਨ ਕੈ ਮਨ ਤੋਖ ਭਰੈਂ ਸੁਭ ਨੀਰ ਪੀਏ। ਵਾਤ ਚਲੇ ਜਲ ਮੇਘ ਫਿਰੇ ਮੁਖ ਗਾਜਤ ਐ ਸਹਿ ਬਿੱਜਲੀਏ। ਕਾਚਨ ਕੱਖ ਮਨੋਂ ਗਜ ਭੋਲਤ ਰਾਮ ਨਿਹਾਰ ਅਚੰਭ ਲੀਏ ॥ ੧ ॥ ਧਾਵਤ ਆਵਤ ਏਂਣ ਵਿਹੰਗਮ ਰਾਮ ਨਿਹਾਰਤ ਹੀ ਹਰਖਾਵੈਂ। ਵੈ ਬਨਬਾਸ ਨਿਵਾਸ ਭਹਾਂ ਦ੍ਰਿਗ ਖੋਲ੍ਹ ਮਨੋਂ ਮੁਨਿ ਧਜਾਨ ਲਗਾਵੈਂ। ਚਿ ਲਿਖੇ ਜਨ ਏਂਣ ਵਿਹੰਗਮ ਨਾਹਿੰ ਕਦਾਚਿਤ ਅੰਗ ਭੁਲਾਵੈਂ। ਜਾਨ ਪਰਾਤਮ ਰਾਮ ਫਿਰੇ ਗਿਰ ਸਿੱਧ ਮ੍ਰਿਗਾ ਖਗ ਸੇਵ ਕਮਾਵੈਂ ॥ ੨ । ਧਜਾਨ ਸਮਾਧ ਬਿਰਾਮ ਭਏ ਇਕਠੌਰ ਇਕੰਤ ਹਤੇ ਰਘੁਰਾਈ। ਪਜਾਰ ਭਰੇ ਮਨ ਹੋਇ ਅਧੀਨ ਸੁਮਿਤ੍ਰਜ ਆਪ ਕਹਜੋ ਤਹਿੰ ਜਾਈ। ਪੂਰਬ ਵਾਕ ਤੁਮਾਰੇ ਸੁਨੈਂ ਗਯੋ ਚੀਤ ਸੰਦੇਹ ਸੁ ਮੋਹਿ ਬਿਲਾਈ। ਕਿਹ ਭਾਂਤਿ ਭਜੇ ਕ੍ਰਿਆ ਮਾਰਗ ਤੇ ਇਹ ਜਾਨਨ ਕੀ ਹਮਰੇ ਉਰ ਆਈ ॥ ੩ ॥ ਚੌਪਈ ॥ ਯੋਗੀ ਕਿਹ ਬਿਧ ਤੋਹਿ ਅਰਾਧੈਂ । ਕ੍ਰਿਯਾ ਜੋਗ ਉਰ ਰਾਧਨ ਸਾਧੈਂ । ਕ੍ਰਿਆ ਨਾਮ ਉਪਾਸਨ ਜੋਈ । ਯੋਗੀ ਕਹੈਂ ਮੁਕਤਿ ਪਥ ਸੋਈ ॥ ੪ ॥ ਨਾਰਦ ਬਜਾਸ ਯਹੀ ਬਹੁ ਭਾਖੈਂ । ਕਮਲਾਸਨ ਮੁਖ ਯਹੀ ਪ੍ਰਕਾਸ਼ੈ । ਵਰਣਾਸ਼੍ਰਮ ਜਗ ਭੀਤਰ ਜੋਈ। ਮੁਕਤਿ ਵਿਧਾਇਕ ਤਿਨ ਕੋ ਏਈ ॥ ੫ ॥ ਇਸਤ੍ਰੀ ਸ਼ੂਦਰ ਲੌ ਹੈ ਜੇਤੇ। ਮੁਕਤਿ ਲਏ ਇਨ ਪੰਥਿ ਸੁ ਤੇਤੇ॥ ਸੁਖ ਸਾਧਨ ਯਹ ਅਹੈ ਉਦਾਰ। ਰਿਖ ਗਣ ਕਰੈਂ ਸੁ ਰਾਮ ਉਚਾਰ ॥ ੬ ॥ ਦੋਹਰਾ ॥ ਭ੍ਰਾਤ ਤੁਮਾਰੋ ਭਗਤਿ ਹੈ

ਹੈ ਸਭ ਕੋ ਉਪਕਾਰ। ਭਵ ਸੋਵਨ ਸੁਖ ਸਾਧਨੋਂ ਤੁਮਹੀ ਕਰੋ ਉਚਾਰ ॥ ੭ ॥ ॥ ਚੌਪਈ ॥ ਮੇਰੀ ਪੂਜਾ ਬਹੁ ਬਿਸਤਾਰਾ। ਭ੍ਰਾਤ ਨਹੀਂ ਤਿਨਕੋ ਕੁਛ ਪਾਰਾ ॥ ਤੱਦਿਪ ਮੈਂ ਸੰਖੇਪ ਬਤਾਵੋਂ। ਕ੍ਰਮ ਤੇਂ ਸਗਲ ਸੰਦੇਹ ਮਿਟਾਵੋਂ ॥੮॥ ਪੁਰਬ ਕਰੈ ਸੁ ਇਹਿਪਰਕਾਰ। ਅਪਨੇ ਸੂਤਰ ਕੇ ਅਨੁਸਾਰ। ਪਾਇ ਜਨੇਊ ਹੋਇ ਦੁਜਾਤੀ। ਗੁਰ ਪਦ ਭਜੇ ਸਦਾ ਦਿਨ ਰਾਤੀ ॥ ੯ ॥ ਗੁਰ ਤੇ ਲੈ ਮੰਤਰ ਬ੍ਰਿਧ ਜੈਸੇ। ਮੋਕੋ ਭਜੇ ਕਹੈ ਗੁਰ ਤੈਸੇ। ਕੈ ਹਿਰਦੈ ਕੈ ਪਾਵਕ ਮਾਹੀਂ ॥ ਪੂਜੇਂ ਮੋਹਿ ਪ੍ਰੇਮ ਉਰ ਮਾਹੀਂ ॥ ੧੦ ॥ ਪ੍ਰਤਿਮਾ ਮੈ ਕੈ ਰਵਿ ਕੇ ਮਾਹੀਂ। ਕੈ ਪੁਨਿ ਸਾਲਗਰਾਮ ਕੇ ਮਾਹੀਂ। ਹੋਇ ਨਿਰਾਲਸ ਪੂਜਨ ਕਰੇ। ਮੇਰੋ ਨਾਮ ਸਦਾ ਮੁਖਿ ਰਰੇ ॥ ੧੧ ॥ ਪ੍ਰਿਥਮੈਂ ਪ੍ਰਾਤ ਸੁ ਨ੍ਹਾਵੈ ਨੀਰ। ਅਪਨੋਂ ਕਰੇ ਸੁ ਸੁਧ ਸਰੀਰ। ਮੰਤਰ ਪਢ ਕਰ ਮ੍ਰਿਤ ਲਗਾਵੈ। ਜੋ ਬ੍ਰਿਧ ਬੇਦ ਸੁ ਪ੍ਰਿਥਮ ਬਤਾਵੈ ॥ ੧੨ ॥ ਸੰਧਜਾਦਿਕ ਜੇ ਕਰਮ ਬਖਾਨੇ। ਤੇ ਪੁਨ ਕਰੇ ਬੇਦ ਜਿਮ ਭਾਨੇ ॥ ਪੁਰਬ ਕਰੇ ਸੰਕਲਪ ਬ੍ਰਿਧਾਨ। ਕਰੈਂ ਸਿੱਧ ਹਿਤ ਨਰ ਮਤ ਮਾਨ ॥ ੧੩ ॥ ਮੇ ਵਪੁ ਜਾਨ ਕਰੇ ਗੁਰ ਪੂਜਾ। ਤਾਂ ਮੈ ਭਾਵ ਨ ਆਨੈ ਦੂਜਾ। ਸਿਲਾ ਮਾਹਿੰ ਇਸ਼ਨਾਨ ਕਰਾਵੈ। ਪ੍ਰਤਿਮਾਂ ਪਰ ਰੁਮਾਲ ਫਿਰਾਵੈ ॥ ੧੪॥ ਬਹੁਬਿਧ ਫੂਲ ਸੁਗੰਧ ਚਢਾਏ। ਧਾ ਬ੍ਰਿਧ ਪੂਜ ਸਿੱਧਤਾ ਪਾਏ। ਕਪਟ ਨਹੀਂ ਮਨ ਭੀਤਰ ਧਾਰੇ। ਪੂਜਨ ਕਰੇ ਨੇਮ ਪ੍ਰਤਿ ਪਾਰੇ ॥ ੧੫ ॥ ਪ੍ਰਤਿਮਾਂ ਮੇ ਭੂਖਣ ਪਹਿਰਾਵੈ। ਮੇਰੇ ਉਰ

ਆਨੰਦ ਉਪਜਾਵੇ । ਘ੍ਰਿਤ ਆਹੁਤ ਪਾਵਕ ਅਨੁਸਰੇ । ਸਥੰ ਭਲ ਮੈਂ ਰਵਿ ਪੂਜਨ ਕਰੇ ॥ ੧੬ ॥ ਸਰਧਾ ਸਹਿਤ ਦੇਇ ਮਮਵਾਰਿ । ਸੋ ਭਾਈ ਮੈ ਲਖਮਨ ਪਜਾਰ । ਪਰ ਜੋ ਭੱਖ ਭੋਜ ਕਰ ਲਜਾਵੇ । ਅੱਖਜਤ ਗੰਧ ਸੁ ਫੂਲ ਚਢਾਵੇ ॥ ੧੭ ॥ ਤਾ ਪਰ ਮੈ ਨਹਿ ਕਜੋਂ ਹਰਖਾਵੋਂ । ਪ੍ਰੇਮ ਸਹਿਤ ਉਰ ਭੋਗ ਲਗਾਵੋਂ । ਪੂਜਾ ਦਰਬ ਸਰਬ ਧਰ ਆਗੇ । ਤੇ ਮੇਰੇ ਕੋ ਪੂਜਨ ਲਾਗੇ ॥ ੧੮ ॥ ਚੇਲਾ ਜਿਨ ਕੁਸ਼ ਭਲੇ ਬਿਛਾਈ । ਬੈਠੇ ਮੇ ਸਨਮੁਖ ਮਨ ਲਾਈ । ਮੰਤਰ ਕਰ ਪੁਨ ਕਰੈ ਨਿਯਾਸ । ਬਾਹਰ ਭੀਤਰ ਸੁਧ ਪ੍ਰਕਾਸ਼ ॥ ੧੯ ॥ ਕੇਸਵਾਦਿ ਨਿਆਸ ਪੁਨਿ ਜੋਈ । ਬਹੁਰ ਕਰੈ ਮਨ ਲਾਇ ਸੁ ਤੋਈ । ਭਤੁ ਨਿਆਸ ਬਹੁਰੋ ਵਹਿ ਕਰੈ । ਉਰ ਕੈ ਸਭ ਕਿਲ ਵਿਖ ਪਰ ਹਰੈ ॥੨੦ ॥ ਮਮ ਮੂਰਤ ਪਿੰਜਰ ਕੋ ਨਜਾਸ । ਮੱਤ੍ਰ ਨਿਆਸ ਪੁਨਿ ਕਰੈ ਪ੍ਰਕਾਸ । ਪ੍ਰਤਿ ਆਦਿਕ ਮੈ ਤੈਸੇ ਕਰੈ । ਆਲਸਨਾ ਉਰ ਅੰਤਰ ਧਰੈ ॥ ੨੧ ॥ ਸਨਮੁਖ ਬਾਵੇਂ ਕਲਸ ਟਿਕਾਇ । ਪੁਹਿ ਪਾਦਿਕ ਦੱਖਣ ਸੁਬਨਾਇ । ਅਰਘਦਾਨ ਪੁਨਿ ਪਾਦਪਦਾਨ । ਮੱਧ ਕਾਦਿ ਭਥਾ ਅਚਮਾਨ ॥ ੨੨ ॥ ਪਾਤ੍ਰ ਚਾਰ ਸੁਭ ਧਰੈ ਬਨਾਈ । ਮੇਰੇ ਬਿਖੈ ਭਲੇ ਮਨ ਲਾਈ । ਮੇਰੀ ਕਲਾ ਜੀਵ ਜਿਹ ਨਾਮਾ । ਰਵਿ ਸਮਿ ਉੱਜਲ ਚੇਤਨ ਧਾਮਾ ॥ ੨੩ ॥ ਦੇਹ ਬਿਆਪਕ ਸਾਰੇ ਜੋਈ । ਰਿਦੇ ਕਮਲ ਮੈਂ ਧਜਾਵੈ ਸੋਈ । ਪ੍ਰਤਆਦਿਕ ਮੈ ਕਰੈ ਅਵਾਹਨ । ਮੇਰੀ ਕਲਾ ਦੁਖ ਬਨ ਦਾਹਨ ॥੨੪ ॥ ਪਾਦ ਅਰਘ ਅਚਮਨ ਇਸ਼ਨਾਨਾ ॥

ਪਟ ਪਹਿਰਾਏ ਭੂਖਨ ਨਾਨਾ। ਯਾਵਤ ਸ਼ਕਤਿ ਕਰੇ ਉਪਚਾਰ । ਬਾਹਰ ਭੋਗ ਸੁ ਕਪਟਿ ਬਿਸਾਰ ॥ ੨੫ ॥ ਜੋ ਬਿਭੂਤ ਘਰ ਮਾਹਿੰ ਨਿਹਾਰੇ। ਤੋ ਪੂਜੇ ਮਮ ਯਾਹਿ ਪ੍ਰਕਾਰੇ। ਕਸਤੂਰੀ ਕੱਕਮ ਬਹੁ ਭਾਂਤੀ । ਅਰਘ ਚਢਾਏ ਚੰਦਨ ਜਾਤੀ ॥ ੨੬॥ ਫੂਲ ਸੁਗੰਧ ਸੁ ਫਲਹਿ ਅਪਾਰੀ । ਮੋਹ ਚਢਾਏ ਮੰਤ੍ਰ ਉਚਾਰੀ। ਦਸ ਅਵਰਣ ਪੂਜਾ ਪੁਨਿ ਕਰੇ। ਆਗਮ ਜਿਹ ਬਿਧ ਤਾਹਿੰ ਉਚਰੇ ॥ ੨੭ ॥ ਕਰੇ ਨੀਰਾਂਜਨ ਦੀਪ ਜਗਾਵੇ । ਭੂਪ ਨਿਵੇਦ ਸੁ ਬਹੁਤ ਚਢਾਵੇ। ਸਰਧਾ ਕਰ ਦੇਵੇ ਪੁਨਿ ਜੋਈ । ਮੈਂ ਭੋਗੋਂ ਕੇਵਲ ਪੁਨਿ ਸੋਈ ॥ ੨੮ ॥ ਸ਼ਰਧਾ ਬਿਨੁ ਈਸ਼ੁਰ ਨਹੀਂ ਖਾਏ । ਭਾਵੇਂ ਭੋਗ ਸੁ ਲਾਖ ਲਗਾਏ । ਹੋਮ ਕਰੇ ਪੁਨ ਪਾਵਕ ਮਾਹੀਂ । ਮੰਤ੍ਰ ਬਿਧਾਨ ਪੜੇ ਮੁਖ ਮਾਹੀਂ ॥ ੨੯॥ ਅਗਸਤ ਬਖਾਨਜੋ ਮਾਰਗ ਜੈਸੇ। ਕੁਡ ਬਨਾਏ ਧਰਮੈ ਤਸੇ। ਮੂਲ ਮੰਤ੍ਰ ਕਰ ਹੋਮ ਸੁ ਕਰੇ। ਕੈ ਪੁਨਿ ਪੂੰ ਸੂਕਤ ਉਚਰੇ॥ ੩੦॥ ਕਰੇ ਉਪਾਸ਼ਨ ਵਾ ਜਗ ਪਾਵਕ । ਹਮੇ ਚਰੁ ਘ੍ਰਿਤ ਤੰਡਲ ਯਾਵਕ। ਜਾਂਬੂ ਨਦ ਸਮ ਦਿੱਬ ਸਰੂਪ। ਦਿੱਬ ਸੁ ਭੂਖਨ ਧਰੇ ਅਨੂਪ॥ ੩੧ ॥ ਹੋਮ ਕਾਲ ਅਸ ਮੋਕੋ ਧਜਾਵੇ । ਪਾਵਕ ਮਾਹਿੰ ਅਹੁਤੀ ਪਾਵੇ । ਪਾਰਖਦ ਕੋ ਬਲੀਆਂ ਦੈ ਆਪਤ । ਹੋਮ ਸੇਖ ਪੁਨਿ ਕਰੇ ਸਮਾਪਤ ॥ ੩੨॥ ਮੋਹਿ ਧਿਆਨ ਬਹੁਰੋ ਜਪੁ ਕਰੇ। ਧਾਰੇ ਮੌਨ ਨ ਬ੍ਰਿਥਾ ਉਚਰੇ । ਮੁੱਖ ਬਾਸ ਹਿਤ ਦਏ ਤੰਬੂਲਾ । ਪ੍ਰੀਤ ਸੰਯੁਕਤ ਪ੍ਰੀਤ ਸਭ ਮੂਲਾ ॥੩੩ ॥ ਗੀਤ ਨਿਰਤ ਮੇਰੇ ਹਿਤ ਕਰੇ॥ ਪਾਠ ਕਰੇ ਉਸਤਤਿ

ਬਿਸਤਰੇ। ਦੰਡ ਸਮਾਨ ਸੁ ਬੰਦਨ ਧਾਰੇ। ਧਜਾਵੇ ਮੋਹਿ ਸੁ ਚੀਤ ਅਝਾਰੇ ॥ ੩੪ ॥ ਭਾਵਨ ਮਯ ਪਰਸ਼ਾਦਿ ਅਪਾਰੇ। ਮੋਹ ਦਯੋ ਲੈ ਸਿਰ ਪਰ ਧਾਰੇ। ਕਰ ਮੈਂ ਧਾਰ ਸੁ ਦੋ ਪਦ ਮੇਰੇ। ਸੀਸ ਨਿਵਾਇ ਸੁ ਯੋਂ ਮੁਖ ਟੇਰੇ ॥ ੩੫ ॥ ਘੋਰ ਸੰਸਾਰ ਘਨੋਂ ਦੁਖ ਨਾਰੀ। ਭਾਂਤੇ ਰਾਖੋ ਮੋਇ ਮੁਰਾਰੀ। ਕਰ ਪਰਣਾਮ ਵਿਸਰਜਨ ਕਰੇ। ਪ੍ਰਤੱਖ ਜੋਤਿ ਸਿਮਰਨ ਉਰਧਰੇ ॥ ੩੬ ॥ ਯਾ ਬਿਧ ਕਹਜੋ ਉਪਾਸਨ ਜੋਈ। ਕਰੇ ਸੁ ਬਿਧਵਤ ਯਾਂਕੋ ਕੋਈ। ਮੋਹ ਅਨ ਗ੍ਰਹ ਹੋਇਪ੍ਰਲੋਕ। ਪਾਇ ਸਿੱਧਸੋ ਭਜਾਗੋ ਸੋਕ ॥੩੭ ॥ ਦਿਨ ਦਿਨ ਮੈ ਜੋ ਮੇਰੋ ਭਗਤਿ। ਪੂਜੇ ਸੋ ਮਮ ਪ੍ਰੇਮ ਪ੍ਰਸਕਤਿ। ਬਿਨ ਸੰਦੇਹ ਪਾਇ ਵਹਿ ਮੋਕੋ। ਲਖਮਣ ਸਾਚ ਬਖਾਨੋਂ ਤੋਕੋ ॥ ੩੮ ॥ ਸ਼ਿਕਰਛੰਦ ॥ ਪਰਮ ਗੋਪ ਸੁ ਪਾਵਨੋਂ ਪਥ ਹੈ ਸਨਾਤਨ ਭ੍ਰਾਤ। ਕਰ ਸੰਖੇਪ ਬਨਾ ਇਕੈ ਮੈ ਭਾਖਿਜੋ ਸੱਖਜਾਤ। ਪਢੇ ਯਾਹਿ ਨਿਰੰਤਰੀ ਪੁਨਿ ਜੋ ਸੁਨੇ ਮਨ ਲਾਇ। ਸਮਸਤ ਪੂਜਾ ਜੋ ਕਰੇ ਫਲ ਤਾਂ ਸਮਾਨ ਸੁ ਪਾਇ ॥ ੩੯ ॥ ਚੌਪਈ ॥ ਇਹ ਭਾਂਤਿ ਪਰਾਤਮ ਰਾਮ ਦਯਾਲ। ਕ੍ਰਿਯਾ ਯੋਗ ਸੁ ਕਹਿਓ ਬਿਸਾਲ। ਸੇਸ ਅੰਸ ਪੂਛਜੋ ਨਿਜ ਭ੍ਰਾਤ। ਰਾਮ ਭਗਤਿ ਲਖਮਣ ਬਿਖਜਾਤ ॥ ੪੦ ॥ ਪੁਨਿ ਪ੍ਰਕ੍ਰਿਤ ਵਤ ਰਾਮ ਮੁਰਾਰਿ। ਦੁਖੀ ਹੋਇ ਮੁਖ ਕੀਨ ਉਚਾਰ। ਹਾਸੀ ਤੇ ਇਹ ਭਾਂਤ ਪੁਕਾਰੇ। ਪ੍ਰਾਣ ਜਾਹਿੰ ਤੂੰ ਨਾਹਿੰ ਨਿਹਾਰੇ ॥੪੧ ॥ ਯਾ ਬਿਧ ਬਹੁਤ ਬ੍ਰਿਲਾਪ ਸੁਕੀਨ। ਉਮਾਂ ਭਏ ਪੁਨਿ ਨਿੰਦ੍ਰਾ ਲੀਨ। ਤਹੀ ਸਮੈ ਕਿਸਕਿੰਧਾ

ਮਾਂਹੀ। ਹਨੂਮਾਨ ਬੋਲਿਓ ਮੁਖ ਮਾਂਹੀ ॥੪੨॥ ਕਪਿਨਾਇਕ ਸੁਗ੍ਰੀਵ ਏਕਾਂਤ। ਹਨੂਮਾਨ ਤਿਹ ਕਹੇ ਬ੍ਰਿਤਾਂਤ । ਰਾਜਨ ਸੁਨਿ ਅਬ ਤੋਹਿ ਬਤਾਊਂ। ਤੇਰੋ ਹੀ ਹਿਤ ਹੋਇ ਸੁਨਾਊਂ ॥ ੪੩ ॥ ਸਵੈਯਾ ॥ ਰਾਮ ਕਰੇ ਉਪਕਾਰ ਸੁ ਪੂਰਬ ਤੇ ਕਪਿ ਮੂਢ ਸੁ ਹੈਂ ਬਿਸਰਾਏ। ਬੀਰ ਪ੍ਰਸਿਧ ਸੁ ਲੋਕ ਤਿਹੂੰ ਵਹਿ ਅੰਗਦ ਤਾਤ ਸੁ ਤੇ ਹਿਤ ਘਾਏ । ਅੰਗਦ ਮਾਤ ਭਜੇ ਪਦ ਤੇ ਸਠ ਰਾਜ ਦਏ ਸਿਰ ਛਤ੍ਰ ਫਿਰਾਏ। ਸੋ ਵਹਿ ਰਾਮ ਬਸੇ ਗਿਰ ਮੈ ਸਹਿ ਭ੍ਰਾਤ ਬਲੀ ਤਵ ਦੀਨ ਭੁਲਾਏ ॥ ੪੪ ॥ ਤੇ ਪਥ ਨੀਤ ਨਿਹਾਰਤ ਵੈ ਇਕ ਰਾਜ ਬਡੋ ਜਿਹ ਤੇ ਅਕੁਲਾਵੇਂ। ਤੂੰ ਕਪਿ ਜਾਤ ਸੁ ਨਾਰਿ ਰਮੇਂ ਮਦ ਪਾਨ ਕਰੇਂ ਕਛੁ ਸਾਰ ਨ ਪਾਵੇਂ। ਸੋ ਧਨ ਸੀਯਕੋ ਤਾਂਹਿ ਕਹਿਓ ਅਬ ਲੌ ਭਟ ਨਾਹਿੰ ਸੁ ਬੋਲ ਪਠਾਵੇਂ । ਜਾਨਤ ਹੌਂ ਕਪਿ ਬਾਲੀ ਜਿਵੇਂ ਅਬ ਤੂੰ ਤਿਨਤੇ ਨਿਜ ਪ੍ਰਾਨ ਖੁਆਵੇਂ ॥ ੪੫ ॥ ਸੁਨਕੈ ਹਨੂ ਮਾਨ ਕੀ ਬਾਤਨ ਕੋ ਕਪਿ ਨਾਥ ਡਰਿਓ ਮੁਖ ਏਹ ਅਲਾਈ। ਹਨੂਮਾਨ ਕਹਿਓ ਤਦ ਸਾਚ ਸਹੀ ਡਰ ਡਾਰ ਸੁ ਮੋ ਹਿਤ ਬਾਤ ਸੁਨਾਈ। ਮਮ ਆਇਸ ਦੇਸ ਦਸੋ ਦਿਸ ਕੋ ਦਸ ਸਹੰਸ ਕਪੀ ਅਬ ਦੇਹ ਪਠਾਈ। ਕਪਿ ਸਾਤਹੁ ਦੀਪਨ ਮਾਹਿ ਜਿਤੇ ਸਭ ਲਿਆਵਹਿ ਬੇਗ ਸੁ ਜਾਇ ਬੁਲਾਈ ॥੪੬॥ ਏਕਹਿੰਪਖ ਵਿਖੇ ਸਗਲੇ ਕਪਿ ਪੁੰਗਵ ਆਹਿ ਨ ਢੀਲ ਲਗਾਵੇਂ । ਆ ਇਸ ਮੇਟ ਸੁ ਜੇ ਕਪਿ ਮੂੜ ਸੁ ਪਖ ਵਧੀਕ ਕਛੂ ਦਿਨ ਲਾਵੇਂ । ਸਾਚ ਕਹੌਂ ਹਨੂਮਾਨ ਸੁਨੋ ਤਿਨ ਪ੍ਰਾਣ ਹਨੇਂ ਯਹਿ ਦੰਡ

ਸੁ ਪਾਵੈਂ । ਆਇਸ ਦੈ ਘਰ ਮਾਹਿ ਗਏ ਕਪਿ ਮਾਰਤ ਔਰ ਨ ਪਾਸ ਸੁਨਾਵੈ ॥ ੪੭ ॥ ਦੋਹਰਾ ॥ ਆਇਸ ਲੈ ਕਪਿ ਰਾਜ ਕੀ ਮੰਤ੍ਰੀ ਵਰ ਹਨੁਮਾਨ । ਬਾਨਰ ਰੀਛ ਬੁਲਾਇ ਕੈ ਭੇਜੇ ਦੈ ਸਨਮਾਨ ॥ ੪੮ ॥ ਸਵੈਯਾ ॥ ਵਾਯੁ ਸਮਾਨ ਸੁ ਬੇਗ ਬਡੇ ਜਿਨਕੋ ਗੁਨ ਨਾਹਿੰ ਸੁ ਜਾਤ ਗਨਾਏ । ਭੂਧਰ ਕੇ ਸਮ ਡੀਲ ਵਡੇ ਹਨੁਮਾਨ ਵਹੀ ਕਪਿ ਦੂਤ ਬੁਲਾਏ । ਪੱਤ੍ਰ ਦਏ ਲਿਖ ਤਾ ਕਰ ਮੈ ਕਪਿ ਰਾਜਨ ਤੇ ਬਹੁ ਦਰਬ ਦਵਾਏ । ਆਦਰ ਮਾਨ ਕੀਓ ਬਹੁਤੋ ਹਨੁਮਾਨ ਅਮਾਤ ਸੁ ਦੂਤ ਪਠਾਏ ॥ ੪੯ ॥

ਇਤਿ ਸ੍ਰੀ ਅਧਯਾਤਮ ਰਾਮਾਇਣੇਂ ਉਮਾਮਹੇਸੁਰ ਸੰਬਾਦੇ ਕਿਸਕਿੰਧਾ ਕਾਂਡੇ ਚਤੁਰਥੋ ਧਯਾਇ ॥ ੪ ॥

ਸ੍ਰੀ ਮਹਾਦੇਵ ਉਵਾਚ

॥ ਸਵੈਯਾ ॥ ਮਨਿ ਸ੍ਰਿੰਗ ਸੁ ਭੂਧਰ ਸੀਸ ਬਿਖੇ ਰਘੁਨਾਥ ਬਿਰਾਜਤ ਰਾਤ ਸੁਹਾਈ । ਬਿਰਹੈ ਸੁ ਬਿਦੇਹ ਸੁਤਾ ਉਰਮੈ ਰਘੁਨਾਥ ਤਬੈ ਇਹ ਬਾਤ ਅਲਾਈ । ਲਖਮੰਨ ਸੁ ਸੀਯ ਹਰੀ ਕਿਨ ਰਾਖਸ਼ ਸੀਵਤ ਹੈ ਕਿ ਮਰੀ ਬਿਖ ਖਾਈ । ਦਿਨ ਆਜ ਬਿਤੀਤ ਅਨੇਕ ਭਏ ਸੁਨਿ ਮੈ ਅਬ ਲੌ ਕਛੁ ਸਾਰ ਨ ਪਾਈ ॥ ੧ ॥ ਮਮ ਪ੍ਰਾਣ ਪ੍ਰਿਯਾ ਜਗ ਜੀਵਤ ਹੈ ਇਹ ਭਾਂਤ ਕਹੇ ਜਗ ਕੋਇ ਸੁਨਾਈ । ਸੁ ਜਿਤੇ ਤਿਤ ਜਾਨਕੀ ਜੀਵਤ ਕੀ ਕਛੁ ਯਾ ਜਗ ਮੈ ਜਬ ਸਾਰ ਸੁ ਪਾਈ । ਸੁਨਿ ਭ੍ਰਾਤਹਰੋਂ

ਬਲਿਕੈਤਹਿੰ ਤੇਸੁ ਪਯੋਧਸੁਧਾਜਓਹਰੀਸੁਰਰਾਈ।ਕਬਿਸਿੰਘ ਗੁਲਾਬ ਭਜੋ ਪਦ ਕੌ ਹਰਿ ਚਾਹਤ ਕੀਰਤਿ ਗੰਗ ਬਧਾਈ ॥੨॥ ਚੌਪਈ ॥ ਲਖਮਨ ਸੁਨੋ ਪ੍ਰਭੁਗਜਾ ਭਾਈ। ਜਨਕਾ ਭਮਜਾ ਜਾਹਿੰ ਚੁਰਾਈ। ਬਲਿ ਬਾਹਨ ਸੁਤ ਐ ਕੁਲਸੰਗਾ। ਭਸਮ ਕਰੋਂ ਰਣ ਤਾਹਿੰ ਸੁ ਅੰਗਾ ॥੩॥ ਚੰਦ ਮੁਖੀ ਹਾ ਸੀਤੇ ਪਿਆਰੀ।ਬਸਤੀਰਾਖਛਭੌਨਮਝਾਰੀ। ਦੁਖਆਰਤਮੁਹਿਨਾਹਿੰ ਨਿਹਾਰੇ। ਕਿਉਕਰ ਪ੍ਰਾਣ ਸੁ ਅਪਨੇ ਧਾਰੇ ॥੪॥ ਚੰਦ ਮੁਖੀ ਬਿਨ ਚੰਦ ਤਪਾਏ। ਭਾਨ ਸਮਾਨ ਉਸਨ ਦੁਖਦਾਏ। ਚੰਦ੍ ਜਾਨਕੀ ਕੋ ਛੁਹਿ ਆਵੈ। ਸੀਤਲ ਕਿਰਣਾ ਮੋਹਿ ਲਗਾਵੈ ॥ ੫ ॥ ਦਯਾ ਨਹੀ ਸੁਗ੍ਰੀਵ ਸੁ ਰਾਈ। ਯੌ ਮੈਂ ਦੁਖੀ ਨ ਪੇਖੇ ਆਈ। ਨਿਹ ਕੰਟਕ ਰਾਜ ਜਗਤ ਮੈਂ ਪਾਯੋ। ਨਾਰਿਨ ਮੈਂ ਬਸਮੋਹਿ ਭੁਲਾਯੋ ॥੬ ॥ ਕਪਿਕ੍ਰਿਤਘਨਭਯੋਮੋਹਭਾਨ। ਕਾਮ ਕੁ ਸਦਾ ਕਰੇ ਮਦ ਪਾਨ। ਸਰਿਦ ਰਿਤੁ ਆਈ ਪਿਖ ਰੂਚਾ। ਸੀ ਸੋਧਨ ਹਿਤ ਅਯੋ ਨ ਮੂਢਾ ॥੭॥ਪੂਰਬ ਮੈ ਉਪਕਾਰ ਸੁ ਕਏ। ਕ੍ਰਿਤਘਨ ਕਪੀਸੁਰ ਵੈ ਬਿਸਰਏ। ਅਬ ਸੁਗ੍ਰੀਵ ਸੁ ਡਾਰੋਂ ਮਾਰੇ। ਬਾਂਧਵ ਸਹਿਤ ਸਹਿਤ ਪੁਰਿਸਾਰੇ ॥੮॥ ਬਾਲੀ ਮਾਰਿਓ ਮੈਂ ਰਣ ਜੈਸੇ। ਆਜੁ ਸੁਗ੍ਰੀਵ ਹਨੋਂ ਪੁਨਿ ਤੈਸੇ। ਯਾ ਬਿਧ ਕ੍ਰੋਧ ਭਰੇ ਪਿਖਰਾਮ। ਤਬ ਬੋਲੇ ਲਖਮਣ ਬਲ ਧਾਮ ॥ ੯॥ ਸ੍ਵੈਯਾ ॥ ਅਬ ਆਇਸ ਮੋਹਿ ਦਿਜੇ ਰਘੁਬੀਰ ਹਨੋਂ ਦੁਸ਼੍ਰਾਤਮ ਤਾਂ ਕਪਿ ਰਾਈ। ਇਹ ਭਾਂਤਿ ਉਚਾਰ ਸੁ ਤੂੰਣ ਕਸੇ ਤਲਵਾਰ ਲਈ ਧਨੁ ਲੀਨ ਚੜਾਈ। ਲਖਮੰਨ ਚਲੇ ਇਹ

ਭਾਂਤਿ ਪਿਖੇ ਤਬ ਸ੍ਰੀ ਰਘੁਬੀਰ ਸੁ ਬਾਤ ਅਲਾਈ । ਮਮ ਹੈ ਸੁਗ੍ਰੀਵ ਸੁ ਪ੍ਰੀਤ ਸਖਾ ਸੁਧ ਏਹ ਕਰੀ ਤਿਨਕੀ ਢਿਗ ਜਾਈ ॥੨੦॥ ਬਾਲੀਜਿਵੇ ਨਹਿਤਾਹੰਹਨੀ ਸੁਗ੍ਰੀਵ ਕੋ ਤੂੰ ਬਹੁ ਭਾਂਤਿ ਡਰਾਈਂ । ਭੂਲ ਗਏ ਉਪਕਾਰ ਤਿਨੇ ਇਹ ਭਾਂਤਿ ਸੁ ਨਿਠਰ ਵਾਕ ਅਲਾਈਂ । ਜੋ ਸੁਗ੍ਰੀਵ ਕਹੇ ਮੁਖਤੇ ਗਹਿ ਤੇ ਬਤੀਆਂ ਬਲਿ ਬੇਗ ਸੁ ਆਈਂ । ਜੋ ਕਰਤਬ ਸੋ ਹੋਇ ਕਛੂ ਪੁਨ ਸੋ ਮਿਲਿ ਕੈ ਮਮ ਸੰਗ ਕਮਾਈਂ ॥ ੨੧ । ਚੌਪਈ ॥ ਭੀਮ ਪ੍ਰਾਕ੍ਰਮ ਲਖਮਣ ਬਾਲਾ । ਭ੍ਰਾਖ ਭਖਾ ਮੁਖ ਗਯੋ ਕਰਾਲਾ । ਕਿਸਕੰਧਾ ਪ੍ਰਤਿ ਬੇਗ ਸੁਧਾਏ । ਕੋਪ ਭਰੇ ਜਨ ਦੇਤ ਜਲਾਏ ॥ ੨੨ ॥ ਦੋਹਰਾ ॥ ਕਿਸਕੰਧਾ ਲਖਮਨ ਗਏ ਪੁਨਿ ਸੋਚੇ ਰਘੁਬੀਰ । ਬਿਰਹਿ ਬਿਧਾਕੁਲ ਸੀਯ ਕੇ ਭਏ ਸੁ ਬਿਕਲ ਸਰੀਰ ॥ ੨੩ ॥ ਚੌਪਈ ॥ ਵੈ ਸਰਬੱਗ ਸਦਾ ਵਿਗਜਾਨਾ । ਪਦਮਾ ਨਾਇਕ ਹੈ ਭਗਵਾਨ । ਪਰ ਸੀਤਾ ਹਿਤ ਸੋਚੇਂ ਐਸੇ । ਪ੍ਰਾਕ੍ਰਿਤ ਮਾਨਵ ਸੋਚੇਂ ਜੈਸੇ ॥ ੨੪ ॥ ਬੁੱਧਜਾਦਿਕ ਕੇ ਸਾਖੀ ਸਾਰੇ । ਮਾਯਾ ਕਰ ਯੇ ਸਦਾ ਨਿਆਰੇ । ਰਾਗਾਦਿਕ ਤੇ ਰਹਿਤ ਉਦਾਰਾ । ਮਾਇਆ ਕੇ ਨਹੀਂ ਤਿਨੇ ਬਿਕਾਰਾ । ਬ੍ਰਹਮਾ ਕਰਜੋ ਬਰਨ ਜਗ ਜੋਈ । ਕਰਜੋ ਚਹੇ ਹਰਿ ਸੱਤਿ ਸੁ ਸੋਈ ॥ ੨੫ ॥ ਦਸਰਥ ਘਰਿ ਲੀਨੋ ਅਵਤਾਰਾ । ਤਾਂ ਤਪ ਕੋ ਫਲ ਦਯੋ ਉਦਾਰਾ । ਮਾਨੁਖ ਵੇਸ ਆਪ ਹਰਿ ਧਾਰਾ । ਚਾਹੇ ਲੋਗਨਕੀਨ ਉਦਾਰਾ ॥ ੨੬ ॥ ਮੈ ਮਾਯਾ ਬਾਂਧੇ ਜਨ ਜੇਈ । ਕਿਹ ਬਿਧ ਮੁਕਤਿ ਹੋਇ ਪੁਨ ਤੇਈ । ਯਾ ਬਿਧ ਬਿਸ਼ਨ ਸੁ ਆਪ

ਉਚਾਰੀ । ਚਾਹਤ ਹੈ ਨਿਜ ਕਥਾ ਬਿਥਾਰੀ ॥ ੧੭ ॥ ਮੇਰੀ ਕਥਾ ਸੁ ਗੰਗ ਉਦਾਰੇ । ਲੋਕਨ ਕੇ ਸਭ ਪਾਪ ਨਿਵਾਰੇ।ਨਾਮ ਰਾਮਾਇਣ ਪਾਵਨ ਹੋਈ। ਯਾ ਹਿਤ ਭਏ ਮਨੁਜ ਹਰਿ ਸੋਈ ॥ ੧੮ ॥ ਕ੍ਰੋਧ ਮੋਹਿ ਪੁਨਿ ਕਾਮ ਬਿਕਾਰਾ । ਯਾ ਹਿਤ ਕੀਨੇ ਅੰਗੀਕਾਰਾ । ਤਤ ਤਤ ਕਾਲ ਬਿਖੇ ਹਰਿ ਕਰੇ । ਲੋਕਨ ਮਾਹਿੰ ਸੁ ਮੋਹਿ ਬਿਥਰੇ ॥ ੧੯ ॥ ਸਭ ਗੁਣ ਤੇ ਹੈ ਸਦਾ ਬਿਰਕਤਾ । ਪਰਭਾਸੇ ਮਾਨੋ ਹੈ ਰਕਤਾ । ਬਿਗਜਾਨ ਸ਼ਕਤਿ ਪੁਨਿ ਗਜਾਨ ਸਰੂਪ। ਸਾਖੀ ਗੁਣ ਕੇ ਸਗਨ ਅਨੂਪ ॥ ੨੦॥ ਕਾਮਾਦਿਕ ਕੋ ਲੇਪੁ ਨ ਕੋਈ । ਨਭ ਸਿਉ ਨਿਰਮਲ ਹੈ ਹਰਿ ਸੋਈ। ਮੁਨਿ ਕੇ ਚਿਤ ਯੋਂ ਕਰੇ ਬਿਚਾਰਾ। ਕੈ ਜਾਨੈ ਤਹਿ ਸੁਨਤ ਕੁਮਾਰਾ ॥ ੨੧ ॥ ਨਿਰਮਲ ਭਗਤਿ ਤਾਹਿੰ ਕੇ ਜੇਈ । ਜਾਨਤ ਰਾਮ ਨਰਾਇਣ ਤੇਈ । ਭਗਤਨ ਕੇ ਪੁਨਿ ਮਨ ਅਨੁਸਾਰ । ਭਗਵਾਨ ਲਏ ਜਗ ਮੋਂ ਅਵਤਾਰ ॥੨੨॥ ਯਾ ਬਿਧ ਰਾਮ ਕਥਾ ਮੈ ਭਾਖੀ। ਅਬ ਸੁਨੀਏ ਲਖਮਣ ਕੀ ਸਾਖੀ । ਲਖਮਣ ਕਿਸਕਿੰਧਾ ਢਿਗ ਜਾਏ । ਧਨੁਖ ਸ਼ਬਦ ਕਰ ਕਪਹਿ ਡਰਾਏ ॥ ੨੩ ॥ ਤਾਂਕੋ ਪੇਖ ਮੁਢ ਜੋ ਕੀਸਾ । ਗਢਕੇ ਦੌਰ ਚਢੇ ਵੁਹ ਸੀਸਾ। ਕਿਲ ਕਿਲ ਸ਼ਬਦ ਸੁ ਕੀਨ ਉਚਾਰੇ। ਪਾਦਪ ਔ ਕਰ ਪਾਥਰ ਧਾਰੇ ॥ ੨੪ ॥ ਸਵੈਯਾ ॥ ਬਾਨਰ ਜਾਤ ਮਵਾਸ ਭਈ ਲਖਮੰਨ ਤਬੈ ਪਿਖ ਏਹ ਉਚਾਰੇ । ਪਾਥ ਦਏ ਹਮ ਹੀ ਪੁਰ ਮੈ ਹਮ ਸੋ ਅਬ ਏਹ ਫਰੇ ਹਥਯਾਰੇ । ਮੈਂ ਇਨਕੋ ਨਿਰਮੂਲ ਕਰੋਂ ਇਹ ਭਾਂਤਿ ਉਚਾਰ ਕੁਦੰਡ ਸੰਭਾਰੇ

। ਅੰਗਦ ਜਾਨ ਸੁ ਬਾਤ ਇਹੈ ਲਖਮੰਨ ਅਏ ਕਪਿ ਦੂਰ ਨਿਵਾਰੇ॥੨੫॥ਅੰਗਦ ਜਾਇ ਸੁ ਭਾਂ ਪਦ ਮੈਂ ਅਤਿ ਦੀਨ ਭਯੋ ਅਭਿ ਬੰਦਨ ਧਾਰੇ । ਰਾਮ ਕੇ ਭ੍ਰਾਤਿ ਦਯਾਲ ਭਏ ਗਲਿ ਲਾਇ ਲਏ ਭੁਜ ਦੰਡ ਪਸਾਰੇ । ਹੋ ਸੁਤ ਜਾਇ ਕਪੀਸ ਕਹੋ ਮਮ ਆਵਨ ਯੋ ਮੁਖਿ ਮਾਹਿ ਉਚਾਰੇ। ਕੋਪੁ ਭਰੇ ਰਘੁਬੀਰ ਪਠੇ ਇਮ ਜਾਇ ਕਹੋ ਨਿਜ ਭੌਨ ਮਝਾਰੇ ॥ ੨੬ ॥ ਅੰਗਦ ਭਾਖ ਤਥਾ ਮੁਖਤੇ ਸੁਗ੍ਰੀਵ ਕੋ ਜਾਇ ਨਵੇਦਨ ਕੀਨੋ। ਬਾਹਰਿ ਵਾਰ ਖੜੇ ਪੁਰ ਕੇ ਲਖਮੰਨ ਲਏ ਕਰ ਚਾਪ ਨਵੀਨੋ । ਨੈਨ ਸੁ ਲਾਲ ਕਰਾਲ ਭਏ ਅਤਿ ਕ੍ਰੋਧ ਭਏ ਮੁਖਿ ਲਾਲ ਸੁ ਕੀਨੋ। ਬਾਨਰਿ ਰਾਜ ਸੁ ਯੌ ਸੁਨਕੈ ਤਨ ਕਾਂਪਤ ਯੌ ਸੁ ਭਯੋ ਡਰ ਜੀਨੋ ॥ ੨੭ ॥ ਮੰਤ੍ਰ ਵਹੀ ਹਨੁਮਾਨ ਬੁਲਾਇ ਕਹਿਓ ਸਮਝਾਇ ਸੁ ਏਹ ਬਿਚਾਰੋ । ਅੰਗਦ ਕੋ ਸੰਗ ਲੈ ਹਨੂਮਾਨ ਸੁ ਤੂ ਅਬ ਜਾਇ ਭਯੋ ਸੁ ਬਿਗਾਰੋ । ਜੋਰ ਦੁਹੂੰਕਰ ਪਾਇ ਪਰੋ ਲਖਮਣ ਤੋ ਜਾਇ ਸੁ ਕ੍ਰੋਧ ਨਿਵਾਰੋ । ਸਾਂਤਿ ਕਰੋ ਸੁਭ ਬਾਤਨ ਕੈ ਪੁਨਿ ਮੰਦਰਿ ਆਨਹੁ ਧਾਰ ਪਿਆਰੋ ॥ ੨੮ ॥ ਇਹ ਭਾਂਤਿ ਪਠਾਇ ਹਨੂਮਤ ਕੋ ਪੁਨਿ ਆਪ ਬੁਲਾਇ ਕਹਿਓ ਤਿਨ ਤਾਰਾ । ਗਜ ਗਾਮਨਿ ਤੂੰ ਚਲ ਤਾਂ ਪਥਿ ਮੈ ਲਖਮੰਨ ਕੇ ਕ੍ਰੋਧ ਭਯੋ ਅਤਿ ਭਾਰਾ । ਮ੍ਰਿਦ ਬੋਲ ਸੁ ਸਾਂਤਿ ਕਰੋ ਤਿਨ ਕੋ ਪੁਨਿ ਤਾਹ ਲਿਆਵਹੁ ਭੌਨ ਮਝਾਰਾ । ਸਮ ਪਾਵਕ ਕ੍ਰੋਧ ਭਯੋ ਤਿਨਕੋ ਜਿਹ ਭਾਂਤਿ ਹਰੈ ਨਹਿ ਜੀਅ ਹਮਾਰਾ ॥ ੨੯॥

ਚੌਪਈ ॥ ਮੱਧ ਹਵੇਲੀ ਤਾਰਾ ਜਾਏ । ਖੜੀ ਭਈ ਮੁਖ

ਤਥਾ ਅਲਾਏ। ਹਨੂੰਮਾਨ ਅੰਗਦ ਪੁਨਿ ਧੀਰ। ਗਏ ਜਹਾਂ ਲਖਮਣ ਹਰਿ ਬੀਰ ॥ ੩੦ ॥ ਸ੍ਰੈਯਾ ॥ ਜਾਇ ਪ੍ਰਣਾਮ ਕਰੇ ਪਦ ਮੈ ਕਰ ਜੋਰ ਦੋਊ ਮੁਖਿ ਏਹ ਅਲਾਏ। ਹੈਂ ਸੁਖ ਸੋ ਰਘੁਬੀਰ ਭਲੇ ਤੁਮ ਹੂੰ ਸੁਖ ਸੋਂ ਪਥਿ ਭੀਤਰਿ ਆਏ। ਭਾਗ ਮਹਾਂ ਘਰ ਮਾਹਿੰ ਚਲੋ ਉਰ ਭੀਤਰ ਤੇ ਸਭ ਸੰਕ ਮਿਟਾਏ। ਨਾਰਿ ਸਖਾ ਕਪਿ ਰਾਜਨ ਕੋ ਪਿਖ ਔਰ ਕਛੂ ਪ੍ਰਭ ਕਾਜ ਬਤਾਏ ॥੩੧॥ ਚੌਪਈ ॥ ਸੋ ਹਮ ਕਰੇਂ ਸੀਸ ਪਰ ਮਾਨੀ। ਹਨੁਮਾਨ ਏਹ ਭਾਂਤ ਬਖਾਨੀ । ਲਖਮਣ ਕੋ ਪੁਨਿ ਕਰ ਫਰ ਲੀਨੋ। ਮਾਰਤ ਨੰਦਨ ਪ੍ਰੇਮ ਸੁ ਕੀਨੋ ॥੩੨॥ਲੇ ਆਯੋ ਤਿਨਕੋ ਪੁਰਿ ਮਾਹੀਂ। ਰਾਜ ਭਵਨ ਤੇ ਪਥ ਕੇ ਮਾਹੀਂ। ਯੂਥਪ ਕੇ ਜੇ ਭੌਨ ਉਚਾਰੇ। ਆਵਤ ਲਖਮਣ ਪੰਥ ਨਿਹਾਰੇ ॥੩੩॥ ਰਾਜ ਭਵਨ ਪ੍ਰਤਿ ਯਾ ਬਿਧ ਗਯੋ। ਸੁਰਪਤਿ ਭੌਨ ਸਮਾਨ ਸੁ ਨਯੋ। ਤਾਰਾ ਮਧਿ ਹਵੇਲੀ ਛਾਜੇ। ਤਾਰਾ ਪਤਿ ਸਮ ਛਦਨ ਬਿਰਾਜੇ ॥੩੪॥ ਸਰਭਾ ਭਰਣ ਧਰੇ ਤਨ ਸੋਹੈ। ਮਦ ਕਰ ਭਾਤ ਨੈਨਿ ਮਨ ਮੋਹੈ । ਲਖਮਣ ਕੋ ਅਭਿਬੰਦਨ ਧਾਰ। ਹਸਿ ਕਰ ਏਹ ਸੁ ਕੀਨ ਉਚਾਰ ॥੩੫॥ ਸੋਰਠਾ ॥ ਦੇਵਰ ਤੇ ਕਲਜਾਨ ਪਾਹਿ ਨਿਰੰਤਰ ਦਾਸ ਕੋ। ਤੂੰ ਭਗਤਨ ਕੇ ਪ੍ਰਾਣ ਸਾਧ ਭਾਵ ਤੇਰੋ ਕਰੇਂ ॥ ੩੬ ॥ ਸ੍ਰੈਯਾ ॥ ਦਸ ਹੂੰ ਦਿਸ ਪਤ੍ਰ ਪਠਾਇ ਦਏ ਭੁਵ ਮੰਡਲ ਕੇ ਕਪਿ ਨਾਥ ਬੁਲਾਏ। ਕਨੁ ਕਾਂਚਲਕੇ ਸਮ ਹੈ ਜਿਨਕੇ ਤਨੁ ਤੇ ਵਰ ਪੇਖ ਘਨੇ ਕਪਿਆਏ। ਤੁਮ ਹੋ ਅਤਿ ਸੇਵਕ ਬੀਰ ਬਡੇ ਕਪਿ ਨਾਇਕ ਪੈ ਤਿਨ ਕੋਪ

ਬਢਾਏ। ਏਹ ਬਾਤ ਨ ਲਾਇਕ ਹੈ ਤੁਮਕੋ ਸੁਨਿ ਰਾਮ ਜਿਨੈ ਸਿਰ ਛੱਤ੍ਰ ਫਿਰਾਏ ॥੩੭॥ ਕਾਮਿਨੀ ਮੋਹਿਨੀ ਛੰਦ ॥ ਰਾਮ ਰਾਜੀਵ ਨੈਨੰ ਭੁਜੇ ਨੀਤ ਹੀਂ। ਬਾਤ ਸੀਯ ਸੋਧ ਕੀ ਰਾਖ ਹੈ ਚੀਤ ਹੀਂ। ਜਾਨਕੀ ਸੋਧ ਕੈ ਸੱਤ੍ਰੁ ਕੋ ਮਾਰਣੋ। ਕਾਮ ਸ੍ਰੀ ਰਾਮ ਕੋ ਸੀਸ ਦੈ ਸਾਰਣੋ ॥੩੮॥ ਸ੍ਰੈਯਾ ॥ ਇਹ ਭਾਂਤਿ ਬਿਚਾਰ ਕਰੈ ਕਪਿ ਨਾਇਕ ਨੀਂਦ ਕਰੈ ਨ ਕਬੀ ਨਿਸ ਮਾਹੀਂ। ਜਗ ਜਾਂ ਦਿਨ ਰਾਘਵ ਕਾਜ ਸਰੈ ਦ੍ਰਿਢ ਨੀਂਦ ਕਰੈ ਪ੍ਰਭ ਤਾਂ ਦਿਨ ਮਾਹੀਂ। ਬਹੁ ਕਾਲ ਸੁ ਦੁਖ ਭਰੇ ਤਨਮੈਂ ਇਨ ਮੀਤ ਲਹੇ ਅਬ ਹੀ ਜਗ ਮਾਹੀਂ। ਤੁਮ ਦੁਖ ਮਿਟਾਇ ਸੁ ਰਾਜ ਦਯੋ ਗੁਨ ਗਾਵਤ ਹੈ ਤੁਮਰੇ ਘਰ ਮਾਹੀਂ ॥ ੩੯॥ ਚੌਪਈ ॥ ਦੀਰਘ ਕਾਰਯ ਮੈਂ ਮਨ ਲਾਯੋ। ਰਘੁਪਤਿ ਸੇਵਾ ਹਿਤ ਨਹਿੰ ਆਯੋ। ਨਾਨਾ ਦੇਸ ਨਿਵਾਸੀ ਜੇਈ। ਆਵਹਿੰਗੇ ਦੇਵਰ ਕਪਿ ਤੇਈ। ॥ ੪੦ ॥ ਰਘੁ ਸੱਤਮ ਪਠਏ ਪਲ ਵੰਗਮ। ਦਸ ਹਜ਼ਾਰ ਚਾਰਾ ਰਿਦ ਅੰਗਮ। ਸਭ ਦਿਸ ਬਾਨਰ ਲਿਆਵਨ ਕਾਜੇ। ਗਿਰ ਸਮਾਨ ਜਿਨਕੇ ਤਨ ਛਾਜੇ॥੪੧॥ ਸਭ ਦਿਗ ਬਾਨਰ ਸਹਿ ਸਿਰਦਾਰਾ। ਕਪਿ ਨਾਇਕ ਨਾਹੀਂ ਕਛੁ ਬਾਰਾ। ਦੈਤ ਸਮੂਹ ਸਭੈ ਚੁਨਿ ਮਾਰੈ। ਰਾਵਨ ਕੋ ਰਨ ਮਾਹਿ ਸੰਘਾਰੈ ॥ ੪੨ ॥ ਦੋਹਰਾ ॥ ਤੇਰੇ ਸਾਥ ਸੁ ਜਾਇਗੋ ਅਬਹੀਂ ਕਪਿ ਸਿਰਦਾਰ। ਭੌਨ ਸੁ ਪਾਵਨ ਕੀਜੀਏ ਅੰਤਹਿ ਪੁਰਿ ਪਗ ਧਾਰ ॥ ੪੩ ॥ ਪੇਖੋ ਤੁਮ ਸੁਗ੍ਰੀਵ ਕੋ ਸੁਤ ਦਾਰਾ ਸਹਿ ਧੀਰ। ਦਾਨ ਅਬੈ ਬਲਿ ਦੀਜੀਓ ਤੁਮ ਸੇਵਕ ਹਰਿ ਪੀਰ ॥ ੪੪॥

ਤਾਰਾ ਬਚਨ ਸੁ ਸੁਨਤਹੀ ਲਖਮਣ ਭਏ ਕ੍ਰਿਪਾਲ। ਕ੍ਰੋਧ ਸੁ ਦੁਬਰਤਾਂ ਭਏ ਗਏ ਸੁ ਭੌਨ ਬਿਸਾਲ ॥ ੪੫ ॥ ਸ੍ਰੈਯਾ ॥ ਬਾਨਰ ਰਾਜ ਜਹਾਂ ਸੁਗ੍ਰੀਵ ਸੁ ਰਾਮ ਕੇ ਭ੍ਰਾਤਿ ਤਹਾਂ ਪਗ ਧਾਰੇ। ਨਾਰਿਕੇ ਸੰਗ ਬਿਨੋਦ ਕਰੇ ਕਪਿ ਮਾਂਹਿ ਪਲੰਘ ਭੁਜਾ ਗਲਿ ਡਾਰੇ। ਪੇਖ ਅਏ ਲਖਮੰਨ ਬਲੀ ਉਰਡੀਤ ਮਹਾਂ ਪਰੋ ਕੁਦ ਕਨਾਰੇ। ਕ੍ਰੋਧ ਭਯੇ ਲਖਮੰਨ ਤਬੈ ਪਿਖ ਤਾਂ ਦ੍ਰਿਗ ਥੋ ਮਦ ਸੋ ਅਰੁਣਾਰੇ ॥ ੪੬ ॥ ਕ੍ਰੋਧ ਭਯੋ ਲਖਮੰਨ ਕਹੇ ਕਪਿ ਦੁਸ਼ ਤੁਮੈਂ ਅਬ ਰਾਮ ਬਿਸਾਰੇ। ਬਾਂਣ ਉਸਾਸਨ ਤੋਹਿ ਚਿਤਾਰਤ ਅੰਗਦ ਤਾਤ ਜਿਨੇਰਣ ਮਾਰੇ। ਮੈਂ ਬਧਿ ਤੋਹਿ ਕਰੋਂ ਅਬਹੀਂ ਪਥਿ ਬਾਲੀ ਕੇ ਜਾਹਿੰ ਸੁ ਬੇਗ ਪਧਾਰੇ। ਇਹ ਭਾਂਤਿ ਅਨੇਕ ਕਹੇ ਲਖਮੰਨ ਸੁ ਪੇਖ ਉਮਾਂ ਹਨੂਮਾਨ ਉਚਾਰੇ ॥ ੪੭ ॥ ਹਨੂਮਾਂਨੋਵਾਚ ॥ ਕਬਿਤ ॥ ਲਖਮਣ ਬਾਦਕੈ ਨ ਕੀਜੀਏ ਬਿਖਾਦ ਕਛੂ ਐਸੇ ਕਪਿਰਾਈ ਕੋ ਨ ਮੁਖਤੇ ਬਖਾਨੀਏ। ਸੁਨੀਏ ਸੁ ਸ਼ੇਸ਼ ਅੰਸ ਤੁਮਤੇ ਦਖ਼ੀਸ ਰਾਮ ਸੇਵਕ ਪ੍ਰਬੀਨੋ ਸੁਗ੍ਰੀਵ ਉਰ ਆਨੀਏ। ਰਾਮ ਕਾਜ ਹੇਤ ਕਪਿ ਰਾਜ ਹੈ ਸੁ ਜਾਗ ਸਦਾ ਰਾਮ ਭੂਲ ਗਏ ਸੁ ਉਲੇਹੁਨੋਂ ਨਾ ਠਾਨੀਯੇ। ਬਾਨਰ ਨਿਹਾਰ ਆਏ ਕੋਟ ਦੁ ਹਜਾਰ ਪੁਨਿ ਆਏ ਹੈਂ ਅਨੇਕ ਕਛੁ ਢੀਲ ਨਾਂ ਪਛਾਨੀਯੋਂ ॥ ੪੮ ॥ ਸੀਯ ਸੋਧ ਕਾਜ ਜਾਹਿੰ ਖਾਹਿੰ ਫਲ ਫੂਲ ਬਲ ਕਰੇ ਨ ਰਸੋਈ ਕਾਪ ਦਲਿ ਉਤਰਾਵਤੋ। ਕਰੋਗੋ ਕਪੇਸ਼ ਰਾਮ ਕਾਰਜ ਅਸੇਖ ਤਬ ਜਾਨਿਯੋ ਜਿ ਹੁਤੋ ਤਬ ਜੀਵਤੋ ਨ ਜਾਵਤੋ। ਹਨੂਮਾਨ ਬਾਕ

ਸੁਨਿ ਗੁਨਿ ਕੇ ਨਿਧਾਨ ਪ੍ਰਭ ਲਖਮਣ ਲਾਜ ਉਰ ਰਹਜੋ ਸ਼ਰਮਾਵਤੋ। ਅਰਘ ਪਾਦਕੈ ਕਪੀਸ਼ ਲਖਮੰਨ ਪਾਇੰ ਪੂਜੇ ਗਰੇ ਲਾਇ ਲਯੋ ਆਧੋ ਪਾਹੁਨੇਂ ਸੁਹਾਵਤੋ ॥ ੪੯ ॥ ਬੋਲੇ ਕਪਿ ਰਾਈ ਰਘੁਰਾਈ ਕੋ ਸੁ ਦਾਸ ਹੂੰ ਮੈਂ ਬਾਨਰ ਕੋ ਰਾਜ ਦਯੋ ਨਾਥ ਮੈਂ ਉਬਾਰ ਕੈ। ਰਾਮ ਤੇਜ ਆਪਨੇਂ ਸੁਤੀਨੋਂਲੋਕ ਜਿਨੇਂ ਖਿਨ ਆਧਹੀ ਕੇ ਬੀਚ ਚਹੇ ਭੁਜਾ ਬਲ ਧਾਰਕੈ। ਕਰੋਂਗੋ ਸਹਾਇ ਰਘੁ ਰਾਇ ਕੀ ਨਿਵਾਇ ਸਿਰ ਬਾਨਰ ਮਿਲਾਇ ਰਣ ਕੋਟ ਸੁ ਹਜ਼ਾਰ ਕੈ। ਕਾਗਦ ਪਠਾਇ ਹੈਂ ਸੁ ਆਇ ਹੈਂ ਅਨੇਕ ਕਪਿ ਰਣਿ ਤੇ ਨ ਫਿਰੇਂ ਭਟ ਫਿਰੇਂ ਅਰਿ ਮਾਰ ਕੈ ॥ ੫੦ ॥ ਸਵੈਯਾ ॥ ਲਖਮੰਨ ਤਬੈ ਸੁਗ੍ਰੀਵ ਕਹਜੋ ਕਛੁ ਨਿੱਠਰ ਵਾਕ ਸੁ ਮੋਹਿ ਉਚਾਰੇ। ਅਬਸੋ ਖਿਮੀਏਂ ਕਪਿ ਬੀਰ ਬਲੀ ਭੁਮ ਸੋ ਜੁ ਕਹੇ ਕਪਿ ਪ੍ਰੇਮ ਪਿਆਰੇ। ਚਲੀਏ ਸੁਗ੍ਰੀਵ ਸੁ ਕਾਨਨ ਮੈਂ ਜਹਿ ਰਾਮ ਬਿਰਾਜਤ ਹੈਂ ਸੁ ਮੁਰਾਰੇ। ਇਕਲੇ ਬਨ ਸੀਯ ਬਿਯੋਗ ਬਡੋ ਰਘੁਨਾਇਕ ਹੈਂ ਬਨ ਮੈਂ ਦੁਖਿਯਾਰੇ ॥ ੫੧ ॥ ਚੌਪਈ ॥ ਤਬ ਸੁਗ੍ਰੀਵ ਮਾਂਨ ਉਰਮਾਹੀਂ। ਲਖਮਨ ਸਹਿਤ ਚਵੇ ਰਥਮਾਹੀਂ। ਬਾਨਰ ਸਭੈ ਸੁ ਲੀਨ ਬੁਲਾਈ। ਚਲੇ ਕਪੀਸ਼ ਜਹਾਂ ਰਘੁਰਾਈ ॥ ੫੨ ॥ ਸਵੈਯਾ ॥ ਇਤ ਭੇਰ ਮ੍ਰਿਦੰਗ ਅਪਾਰ ਵਜੈਂ ਉਤ ਬਾਨਰ ਰੀਛ ਲੰਗੂਰ ਸੁਹਾਵੈਂ। ਇਕ ਬੀਂਜਨ ਚਾਰ ਫਿਰਾਵਤ ਹੈਂ ਇਕ ਬੀਰ ਬਲੀ ਸਿਰ ਛੱਤ੍ਰ ਝੁਲਾਵੈਂ। ਇਤ ਅੰਗਦ ਔ ਹਨੂਮਾਨ ਚਲੇ ਇਤ ਓਰ ਚਲੇ ਨਲ ਨੀਲ

ਸੁ ਜਾਵੈਂ। ਇਹ ਭਾਂਤਿ ਗਏ ਕਪਿਰਾਜ ਤਹਾਂ ਜਹਿ ਰਾਮ ਬਿਰਾਜਤ ਭੂਧਰ ਛਾਵੈਂ ॥ ੫੩ ॥

ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਕਿਸਕੰਧਾ ਕਾਂਡੇ ਪੰਚਮੋ ਧਜਾਇ ॥੫॥

ਸ੍ਰੀ ਮਹਾਂਦੇਵ ਉਵਾਚ ॥

ਸਵੈਯਾ ॥ ਰਾਮ ਨਿਹਾਰ ਸੁ ਦੁਆਰ ਗੁਹਾ ਸੁ ਸਿਲਾ ਤਰ ਉਪਰ ਛਾਜਤ ਹੈਂ। ਹੈ ਮ੍ਰਿਗਛਾਲ ਸੁ ਸ਼ਾਮ ਤਨੂੰ ਪੁਨਿ ਸੀਸ ਜਟਾਂ ਸੁ ਬਿਰਾਜਤ ਹੈਂ। ਨੈਨ ਬਿਸਾਲ ਸੁ ਮੰਦ ਹਸੇ ਮੁਖਿ ਪੇਖ ਸਰੋਜਹਿ ਲਾਜਤ ਹੈਂ। ਸੀਯ ਵਿਯੋਗ ਸ ਚੀਤ ਭਏ ਮ੍ਰਿਗ ਪੰਖ ਨਿਹਾਰ ਸੁ ਜਾਗ੍ਰਤ ਹੈਂ ॥ ੧ ॥ ਦੂਰਹਿੰ ਤੇ ਰਥਤੇ ਉਤਰੇ ਸੁਗ੍ਰੀਵ ਬਲੀ ਲਖਮੰਨ ਸੁ ਭਾਈ। ਪ੍ਰੇਮ ਭਰੇ ਰਘੁਬੀਰ ਕੇ ਪਾਇਨ ਮਾਹਿੰ ਪਰੇ ਗਿਰਜਾ ਢਿਗ ਜਾਈ। ਰਾਮ ਕਪੀਸੁ ਮਿਲੇ ਗਲ ਮੈਂ ਪੁਹਿ ਛੇਮ ਲਯੋ ਹਰਿ ਪਾਸ ਬਿਠਾਈ। ਰਾਮ ਕਰਜੋ ਸੁਗ੍ਰੀਵ ਕੌ ਪੂਜਨ ਪਾਰਬਤੀ ਹਰਿ ਰੀਤ ਦਿਖਾਈ ॥ ੨। ਜੋਰ ਦੋਊ ਕਰ ਰਾਮ ਕੇ ਪਾਸ ਕਹਜੋ ਸੁਗ੍ਰੀਵ ਭਲੇ ਸਿਰ ਨਾਈ। ਦੇਵ ਪਿਖੋ ਕਰੁਨਾ ਕਰਕੈ ਯਹਿ ਬਾਨਰ ਸੈਨ ਬਡੀ ਪ੍ਰਭ ਆਈ। ਕੇਈ ਕੁਲਾਚਲ ਮੈਂ ਜਨਮੇਂ ਗਿਰ ਅੰਦਰ ਮੇਰ ਸੁ ਦੇਹ ਸੁਹਾਈ। ਦੀਪ ਅਨੇਕ ਸੁ ਵਾਸ ਕਰੈਂ ਕਹਿ ਆਵਤ ਹੈਂ ਬਿਨ ਬੇਰ ਲਗਾਈ ॥ ੩ ॥ ਕੇ ਅਸਤਾਚਲ ਕੇ ਉਦਯਾਚਲ ਕੇਈ ਭਏ ਸਰਤਾ ਤਟ ਮਾਹੀਂ। ਕੇ

ਕੁਸਦੀਪ ਭਏ ਰਘੁਨਾਇਕ ਕੇਈ ਭਏ ਗਿਰ ਮੰਦਰ ਮਾਹੀਂ। ਭੂਧਰ ਕੇ ਸਮ ਦੇਹ ਬਡੇ ਫਲ ਹਾਰ ਕਰੇਂ ਕਪਿ ਏ ਬਨ ਮਾਹੀਂ। ਕਾਮ ਕੋ ਰੂਪ ਧਰੇ ਸਗਲੇ ਕਪਿ ਸੈਨਨ ਕੀ ਗਨਤੀ ਕਛੁ ਨਾਹੀਂ ॥ ੪ ॥ ਦੇਵਨ ਕੇ ਬਲ ਅੰਸਨ ਤੇ ਇਹ ਬਾਨਰ ਰੂਪ ਧਰੇ ਜਗਮਾਹੀਂ। ਹੈ ਕਿਨ ਕੋ ਗਜ ਸੋਂ ਬਲਰਾਮ ਬਿ ਸਾਰਦ ਹੈਂ ਸਭ ਸੰਘਰਮਾਹੀਂ। ਕੇਚਿਤ ਹੈਂ ਦਸ ਨਾਗ ਬਲੀ ਗਜ ਆਯੁਧ ਹੈ ਬਲ ਮੈਂ ਇਨ ਮਾਹੀਂ। ਲਾਖ ਕਰੋਰ ਗਜਾਨ ਧਰੇ ਬਲ ਹੈ ਕਿਨ ਕੇ ਬਲ ਕੀ ਮਿਤਿ ਨਾਹੀਂ ॥ ੫ ॥ ਕੇ ਚਿਤ ਅੰਗਨ ਕੂਦ ਸਮਾਂ ਪੁਨਿ ਕੋਚਿਤ ਹੇਮ ਸਮਾਨ ਬਿਰਾਜੇ। ਕੇਚਿਤ ਲਾਲ ਮੁਖਾਂਬੁਜ ਤੇ ਪੁਨਿ ਕੇਚਿਤ ਦੀਰਘ ਵਾਲ ਸੁ ਰਾਜੇ। ਉਜਲ ਕੇਚਿਤ ਫਾਟਕ ਸੇ ਪੁਨਿ ਕੰਬ ਸੁ ਮਾਨਸੁ ਕੇ ਚਿਤਫਾਜੇ। ਆਵਤਹੈਂ ਰਣਿਚਾਹ ਭਰੇ ਕਪਿ ਰਾਮ ਪਿਖੋ ਘਨ ਸੇ ਮੁਖਿ ਗਾਜੇ ॥ ੬ ॥ ਕਬਿੱਤ ॥ ਰਾਮ ਤੇਰੀ ਆਇਸੁ ਕਿ ਸਭੈ ਹੈਂ ਸੁ ਕਰਨ ਹਾਰ ਚਾਹਤ ਨ ਕਛੂ ਫੂਲ ਮੂਲ ਹੀ ਅਹਾਰ ਹੈਂ। ਏ ਜੂ ਪਿਖੋ ਰਾਮ ਤੁਮ ਲਾਗਤ ਪਹਾਰ ਜੋ ਸੁ ਜਾਮਵਾਨ ਨਾਮ ਕੋਟ ਰੀਛ ਕੋ ਸਿਰਦਾਰ ਹੈਂ। ਇਹੈ ਹਨੁ-ਮਾਨ ਬਲਵਾਨ ਬਿਖਜਾਤ ਪ੍ਰਭੁ ਵਾਯੁ ਕੋ ਕੁਮਾਰ ਨੀਤ ਮੰਤ੍ਰ ਮੈ ਉਦਾਰ ਹੈਂ। ਇਹੈ ਨਲ ਨੀਲ ਸੁ ਗਵਾਖਗ ਵੈ ਜਾਨੀਯੇ ਜੂ ਰਾਮ ਗੰਦਮਾਦਨ ਸੋ ਬਲ ਕੋ ਨ ਪਾਰ ਹੈਂ ॥ ੭ ॥ ਸਰਭ ਦੁਵਿਦਪੰਨ ਸਸਬਲੀ ਮੁਖਿ ਕੇਚ ਕੇਚਦਧਿਮੁਖਮੁਖਏਈਪਹਿ ਚਾਨੀਯੋਂ। ਏਹ ਤੂ ਸੁਖੇਣ ਯਹੇ ਤਾਰ ਨਾਮ ਯਾਹ ਕਹੇ ਪਿਤਾ

ਹਨੂਮਾਨ ਕੋ ਸੁ ਕੇਸਰੀ ਪਛਾਨੀਯੇਂ । ਏਹ ਸਿਰਦਾਰ ਮੇਰੇ ਖਾਸਗੀ ਸੁ ਚੇਲੇ ਲਾਰ ਰਿਪੁ ਕੇ ਨਿਵਾਸੀ ਹੈਂ ਪ੍ਰਧਾਨ ਕੈ ਬਖਾਨੀਯੇਂ । ਸਭੈ ਹੈਂ ਉਦਾਰ ਤੇਜ ਪੁੰਜ ਕੋ ਅਪਾਰ ਰਾਮ ਮਾਹਿੰ ਸੰਗਰਾਮ ਕੈ ਸੁਰੇਸ਼ ਕੇ ਸਮਾਨੀਯੇਂ ॥ ੮ ॥ ਔਰ ਜੋਈ ਬਾਨਰ ਸਿਰਦਾਰ ਬਡੇ ਰਾਮਚੰਦ ਕੋਟਿਕ ਹਜ਼ਾਰ ਕਛੁ ਅੰਤ ਨਹੀਂ ਪਾਈਏ । ਦੇਵ ਅੰਸ ਭੂਤ ਸਭੈ ਬਾਨਰ ਸਪੂਤ ਪ੍ਰਭੁ ਨਾਥ ਕਾਜ ਕਰੇ ਬਾਲਿ ਮੁਖਤੇ ਬਤਾਈਏ । ਏਜੁ ਪਿਖੋ ਰਾਮ ਤੁਮ ਲਾਗਤ ਸੁਹਾਵਨੋਂ ਸੁ ਬਾਲੀ ਕੋ ਕੁਮਾਰ ਨਾਮ ਅੰਗਦ ਸੁਨਾਈਏ । ਬਾਲੀ ਸਮ ਬੀਰ ਅਤਿ ਧੀਰ ਸੰਗ੍ਰਾਮ ਕਰੇ ਯਾਹੀ ਕੇ ਕੁਰੋਸੇ ਰਣ ਖੰਭ ਸੋ ਗਡਾਈਏ ॥ ੯ ॥ ਬਾਨਰ ਅਨੇਕ ਔਰ ਸੂਰ ਰਨ ਪਰੇ ਦੌਰ ਨਾਥ ਕਾਜ ਪ੍ਰਾਣ ਕੀ ਨ ਚਿੰਤ ਮਨ ਧਾਰ ਹੈ । ਅਰਿ ਬਧ ਕਾਜ ਕਪਿ ਰਣ ਮੈ ਸੋ ਜਾਗ ਸਭ ਕੋਪ ਬੀਰ ਭਾਰੇ ਸੁ ਉਖਾਰ ਗਿਰ ਮਾਰ ਹੈਂ । ਆਇਸੁ ਸੁ ਦੀਜੀਏ ਨ ਦੇਰ ਕਛੁ ਕੀਜੀਏ ਸੁਬਾਨਰ ਅਧੀਨ ਪ੍ਰਭੁ ਆਇ ਸੁ ਨਿਹਾਰ ਹੈਂ । ਉਮਾ ਤਬ ਰਾਮ ਹਰਖਾਇ ਉਰ ਨੈਨ ਭਰ ਮਿਲਕੈ ਕਪੀਸ਼ ਮੀਤ ਬਾਤ ਯੋਂ ਉਚਾਰ ਹੈਂ ॥ ੧੦ ॥ ਮੀਤ ਕਾਜ ਹੈ ਮਹਾਂਨ ਨਾਹਿ ਤੂੰ ਅਜਾਨ ਕਛੁ ਸੀਧ ਸੋਧ ਕਾਜ ਕਪਿ ਪਠੀਏ ਬਿਚਾਰ ਕੈ । ਸੁਨ ਕੈ ਸੁ ਰਾਮ ਵਾਕ ਭਏ ਪੁਲਕਾਤ ਕਪਿ ਪਠੀਏ ਸੁ ਤੀਨ ਉਰ ਤੀਨ ਹੀਂ ਪੁਕਾਰ ਕੈ । ਬਲ ਕੈ ਬਿਚੱਛਨ ਪਠਾਏ ਦਿਸ ਦੱਛਨ ਗੁਲਾਬ ਸਿੰਘ ਨਾਮ ਤਾਂਹਿੰ ਕਹਤ ਉਚਾਰ ਕੈ । ਅੰਗਦ ਸੁ ਜਾਮਵੰਤ ਕੇਸਰੀ

ਕੁਮਾਰ ਨਲ ਸਰਭ ਸੁਖੇਨ ਮੈਂਦ ਦੁਵਿਦ ਸੁਧਾਰ ਕੈ ॥ ੧੧ ॥ ਕਹਜੋ ਕਪਿ ਰਾਇ ਸਭਿ ਓਰ ਸੁਬੁਲਾਇ ਸੀਯ ਸੋਧ ਕੋ ਪਠਾਏ ਘਨੋਂ ਕਾਲ ਨਹੀਂ ਲਾਵਨਾਂ। ਭੂਮ ਅੰਤ ਹੇਰ ਸੀਯ ਸਾਰ ਲੈ ਸਵੇਰ ਕਹੋਂ ਕਹਾਂ ਬੇਰ ਬੇਰ ਦਿਨ ਭੀਸ ਮਾਹਿੰ ਆਵਨਾਂ। ਬਿਨ ਸੀਯ ਦੇਖੀ ਦਿਨ ਜਾਹਿੰ ਜੋ ਬਸੇਖੀ ਤਿਹ ਪ੍ਰਾਣ ਅੰਤ ਦੰਡ ਕਪਿ ਭੂਮ ਮੈਂ ਗਡਾਵਨਾਂ। ਬਾਨਰ ਪਠਾਏ ਕਪਿ ਰਾਇ ਸਿਰ ਨਜਾਏ ਹਰਿ ਬੈਠੋ ਢਿਗ ਆਇ ਉਮਾਂ ਲਾਗਤ ਸੁਹਾਵਨਾਂ ॥ ੧੨ ॥ ਦੇਖਿ ਹਨੁਮਾਂਨ ਪ੍ਰਭ ਕੀਯੋ ਹੈ ਪਯਾਨ ਪਥਿ ਲੀਨੋ ਹੈ ਬੁਲਾਇ ਬਾਤ ਕਹੀ ਸਮਝਾਇ ਕੈ ॥ ਪ੍ਰਤੀਤ ਹਿਤ ਸੁੰਦਰੀ ਲਿਜਾਹ ਕਪਿ ਮੁੰਦਰੀ ਸੁ ਰਾਮ ਨਾਮ ਲਿਖੇ ਦੇਈਂ ਜਾਨਕੀ ਕੋ ਜਾਇਕੈ। ਕਾਂਮ ਹੈ ਮਹਾਨ ਯਾ ਮੈਂ ਤੂਹੀ ਹੈ ਪ੍ਰਮਾਨ ਕਪਿ ਸੱਤਮ ਸੁ ਜਾਨ ਬਲ ਕਰੀਂ ਮਨ ਲਾਇਕੈ। ਕਹੋ ਬਲ ਜਾਨ ਤੇਰੀ ਪੱਖ ਮੈਂ ਕੱਲਜਾਨ ਸਦਾ ਜਾਹਿ ਬੀਰ ਬੇਗ ਤੂੰ ਗਜਾਨਨ ਮਨਾਇਕੈ ॥ ੧੩ ॥ ਐਸੇ ਕਪਿ ਰਾਇ ਦਏ ਬਾਨਰ ਪਠਾਇ ਸੀਯ ਸੋਧ ਕਾਜ ਗਏ ਔਰ ਅੰਗਦ ਸੁ ਧਾਰਿਯੋ। ਬਿੰਧ ਬਨ ਮਾਹਿੰ ਫਿਰੇ ਸੀਯ ਕੋ ਨ ਨੇਹੁ ਕਰੈ ਗਿਰਕੇ ਸਮਾਨ ਏਕ ਰਾਕਸ਼ ਨਿਹਾਰਿਯੋ। ਭੀਖਨ ਅਕਾਰ ਮ੍ਰਿਗ ਹਾਥੀ ਕੋ ਅਹਾਰ ਕਰੇ ਰਾਵਣ ਬਿਚਾਰ ਕਪਿ ਦਲ ਕਿਲਕਾਰਿਯੋ। ਬਾਨਰ ਬਿਦਾਰ ਕਰੈ ਮੁਸ਼ਟ੍ਰਿ ਪਰਹਾਰ ਬਲ ਖਿਣ ਹੀਂ ਕੇ ਬੀਚ ਤਾਹਿ ਕੋਪ ਕਰ ਮਾਰਿਯੋ ॥ ੧੪ ॥ ਏਹੁ ਨਾ ਦਸਾਨਨ ਬਖਾਂਨ ਗਏ ਕਾਨਨ ਸੁ ਔਰ ਬਨ

ਭਾਰੀ ਨ ਸਮਾਨ ਕਛੂ ਕੀਜੀਏ। ਜਾਨਕੀ ਕੀ ਆਸ ਲਗ ਪਜਾਸ ਭਨ ਭਾਰੀ ਨਹਿੰ ਪਾਵੈਂ ਭਾਹਿੰ ਵਾਰੀ ਕਪਿ ਕਹੇ ਕਾਹਿ ਕੀਜੀਯੇ। ਸੂਖੇ ਮੁਖ ਕੰਠ ਤਾਲ ਭਏ ਹੈਂ ਬਿਹਾਲ ਕਪਿ ਮਹਾਂ ਬਨ ਭ੍ਰਮੈਂ ਕਹੋ ਕੌਨ ਭਾਂਤਿ ਜੀਜੀਏ। ਏਕਪਿਖੀ ਦਰੀ ਭਹਿੰ ਤ੍ਰਿਨੋਂ ਸੋ ਅਵਰੀ ਮੁਖ ਏਕ ਕਹੇ ਯਾਹਿ ਮਾਹਿੰ ਨੀਰ ਪੇਖ ਲੀਜੀਏ ॥ ੧੫ ॥ ਪਿਖੇ ਪਲਵੰਗਮ ਸੁ ਨਿਕਸੇ ਵਿਹੰਗਮ ਸੁ ਗੀਲ ਛਦ ਕੂੋਚ ਹੰਸ ਹਨੂੰ ਯੋਂ ਉਚਾਰ ਹੈ। ਇ ਹੈ ਗੁਹਾ ਦੁਆਰ ਵਰੋ ਸਹੈ ਸੁ ਵਿਚਾਰ ਕਹੋਂ ਸਭਨ ਪੁਕਾਰ ਯਾਹ ਭੀਤਰ ਸੁ ਵਾਰ ਹੈ। ਐਸੇ ਤੋ ਬਖਾਨ ਆਗੇ ਭਏ ਹਨੂੰ ਮਾਨ ਪੀਛੇ ਚਲੇ ਕਪਿ ਜਾਤ ਕਹੋਂ ਕਹਾਂ ਜਲ ਧਾਰ ਹੈ। ਆਪਸ ਮੈ ਹਾਥ ਫਰੇ ਜਾਹਿੰ ਚਲੇ ਜੀਯ ਡਰੇ ਦੇਤ ਨ ਦਿਖਾਈ ਕਛੂ ਬਡੋ ਅੰਧਕਾਰ ਹੈ ॥ ੧੬ ॥ ਚੌਪਈ ॥ ਯਾ ਬਿਧਿ ਦੂਰ ਗਏ ਕਪਿ ਜਬਹੀਂ। ਪੇਖੇ ਨੀਰ ਤਲਾਵ ਸੁ ਤਬਹੀਂ। ਮਣਿ ਸਮਾਨ ਉਜਲ ਜਹਿੰ ਵਾਰੇ। ਕਲਪ ਦ੍ਰੁਮਨ ਸੇ ਦ੍ਰੁਮ ਪਰਵਾਰੇ ॥੧੭॥ ਲਟਕੈਂ ਡਾਲਿ ਭੂਮਿ ਫਲ ਭਰੇ। ਮਧੁ ਕੇ ਜਹਾਂ ਸੁ ਛਾਤੇ ਖਰੇ। ਸਭ ਗੁਣਵੰਤ ਸੁ ਭੋਜਨ ਨਿਹਾਰੇ। ਮਣਿ ਮੁਕਤਾ ਪਟ ਪੂਰੇ ਸਾਰੇ ॥ ੧੮ ॥ ਜਾਂਮੈਂ ਭੋਜਨ ਬਹੁ ਪਰ ਕਾਰਾ। ਮਾਨੁਖ ਨਾਹਿੰ ਸੁ ਕੋ ਰਖਵਾਰਾ। ਭੋਜਨ ਪ੍ਰਭਾ ਪਿਖ ਕਪਿ ਬਿਸਮਏ। ਭਾਮੈ ਕੌਤਕ ਦੇਖੇ ਨਏ॥੧੯॥ਦਿੱਬ ਕਨਕ ਕੇ ਆਸਨ ਮਾਹੀਂ। ਨਾਰ ਪਿਖੀ ਇਕ ਦੂਸਰ ਨਾਹੀਂ। ਭਨ ਕੀ ਪ੍ਰਭਾ ਸਗਲ ਭਨ ਵਾਰੇ। ਚੀਰ ਬਸਨ ਉਰ ਈਸ

ਰਿਤਾਰੇ॥੨੦॥ ਪਦਮਾਸਨ ਦਿਚ ਜੋਗ ਕਮਾਏ। ਤਾਕੋ ਪਿਖ ਕਪਿ ਸਗਲ ਡਰਾਏ। ਗਏ ਸਮੀਪ ਭਗਤਿ ਉਰ ਭੀਨੇਂ। ਜੋਰ ਦੁਊ ਕਰ ਬੰਦਨਕੀਨੇਂ॥੨੧॥ਦੇਵੀਪੇਖ ਮੁਕੀਸ਼ ਅਲਾਏ। ਕੌਨ ਤੁਮੇਂ ਕਿਹ ਕਾਰਣ ਆਏ। ਕਿਨ ਕੇ ਦੂਤ ਕਹਾਂ ਤੇ ਆਏ। ਮਮ ਅਸਥਾਨ ਸੁ ਕਜੇਂ ਪਦ ਦਾਏ॥ ੨੨ । ਦੋਹਰਾ ॥ ਤਾਕੇ ਬਚਨ ਸੁ ਸੁਨਤ ਹੀ ਤਬ ਬੋਲੇ ਹਨੂਮਾਨ। ਸਮਾਚਾਰ ਦੇਵੀ ਸੁਨੋਂ ਨੀਕੇ ਕਰੋਂ ਬਖਾਨ॥ ੨੩ ॥ ਕਬਿੱਤ ॥ ਅਯੁੱਧਜਾ ਕੋ ਰਾਜਾ ਦਸਰਥ ਸਿਰਤਾਜਾ ਤਾਂਕੋ ਬਡੋ ਸੁਤ ਭਾਮਨੀ ਤ੍ਰਿਲੋਕਰਾਮ ਗਾਧੇ ਹੈਂ। ਆਗਿਆ ਨਰਾਕੀ ਮਾਨ ਉਰ ਲੀਨੀ ਨਿਜ ਨਾਰਿ ਲਘੁਭ੍ਰਾਤ ਲੈ ਸੁ ਬਡੇ ਬਨ ਆਏ ਹੈਂ। ਨਾਰਿ ਤਾਹਿੰ ਕਾਨਨ ਮੈਂ ਹਰੀ ਹੈ ਦਸਾਨਨ ਸੁ ਸੀਯ ਪਥਿ ਆਏ ਸੁਗ੍ਰੀਵ ਸੋਂ ਮਿਲਾਏ ਹੈਂ। ਕਹਜੋ ਕਪਿ ਰਾਈ ਸਭ ਕਪਿਨ ਬੁਲਾਈ ਸੀਯ ਸੋਧ ਕਾਜ ਜਾਹੁ ਮੀਤ ਭਾਦ ਕੈ ਪਠਾਏ ਹੈਂ॥ ੨੪ ॥ ਸਵੈਯਾ ॥ ਸੋਧਤ ਸੀਯ ਲਗੀ ਤਨ ਪਜਾਸ ਬਰੇ ਗਿਰ ਕੰਦਰ ਯੋਂ ਹਮ ਆਏ। ਤੂੰ ਕਿਹ ਕਾਜ ਬਸੈਂ ਇਹ ਠੌਰ ਸੁ ਕੌਨ ਅਹੇ ਹਮ ਦੇਹ ਬਤਾਏ। ਯੋਗਿਨ ਤੇ ਪਿਖ ਬਾਨਰ ਕੋ ਹਰਖੀ ਉਰ ਮੈਂ ਇਹ ਬੈਨ ਅਲਾਏ। ਪੁਰ ਬ ਨੀਰ ਸੁ ਪਾਨ ਕਰੋ ਤੁਮ ਮੂਲ ਫਲਾਦਿਕ ਲੇਹੁ ਸੁ ਖਾਏ ॥ ੨੫ ॥ ਕਬਿੱਤ ॥ ਆਹੁ ਪਾਸ ਮੇਰੇ ਫੇਰ ਕਹੌਂ ਬਿਰਤਾਂਤ ਦੇਰ ਸੁਨਿ ਕੈ ਸੁਕੀਸ ਗਏ ਫਲ ਮੂਲ ਖਾਵਨੇਂ। ਖਾਇ ਫਲ ਪੀਵ ਜਲ ਭਏ ਬਲਵੰਤ ਕਪਿ ਕਰੇਂ ਮਦ ਪਾਂਨ

ਭਏ ਹੀਏ ਹਰਖਾਵਨੇਂ । ਹੀਏ ਹਰਖਏ ਕਪਿ ਵਾਂਕੀ ਢਿਗ ਗਏ ਪੁਨਿ ਖਰੇ ਆਗੇ ਜੋਰ ਕਰ ਲਾਗਤ ਸੁਹਾਵਨੇ। ਜੋਗਨੀ ਉਦਾਰ ਜਾਹਿੰ ਰੂਪ ਹੈ ਅਪਾਰ ਵਾਹਿ ਕਰਹੈ ਬਿਚਾਰ ਲਾਗੀ ਹਨੂੰ ਕੋ ਬਤਾਵਨੇਂ ॥ ੨੬ ॥ ਹੇਮਾ ਹੁਤੋ ਨਾਮ ਵਹਿ ਰੂਪ ਕੀ ਸੀ ਧਾਮ ਵਿਸਕਰਮਾਂ ਕੀ ਤਨੁਜਾ ਪੂਜਾ ਈਸ਼ ਕੀ ਕਰੈ ਨਈ । ਤਾਹਿੰ ਨਿਰਤ ਕੀਨੇ ਸੁ ਮਹੇਸ਼ ਮਨ ਲੀਨੇ ਤਿਨ ਹੋਇਕੈ ਕ੍ਰਿਪਾਲ ਦਿਬ ਪੁਰੀ ਜਗਏ ਦਈ । ਬਰਖ ਅਨੇਕ ਇਹ ਬਾਸ ਕੀਨੇ ਏਕ ਟੇਕ ਭੂਮਿ ਲੋਗ ਛੋਡ ਵਹਿ ਬ੍ਰਹਮ ਲੋਗ ਮੈਂ ਗਈ । ਤਿਨਕੀ ਸਹੇਲੀ ਮੈਂ ਇਕੇਲੀ ਈਹਾਂ ਬਾਸ ਕਰੋਂ ਮੋਖ ਚਾਹ ਜਗੀ ਨਿਤ ਸੰਗ ਨਾਹਿੰ ਇਉ ਗਈ॥੨੭॥ ਦੋਹਾ ॥ ਮੈ ਬੇਦੀ ਗੰਧਰਬ ਕੀ ਸੁਧੀਪ੍ਰਭਾ ਮਮ ਨਾਮ ॥ ਬ੍ਰਹਮ ਲੋਕ ਜਾਤੀ ਕਹਜੋ ਹੇਮਾ ਤਪ ਕਰ ਧਾਮ ॥ ੨੮ ॥ ਕਬਿਤ ॥ ਇਹਾਂ ਬਾਸ ਕੀਜੀਓ ਸੁ ।ਜੀਜੀਓ ਅਰਾਧ ਹਰਿ ਸੁਨ ਥਾਨ ਹੋਇ ਇਹ ਜੀਵ ਨਾ ਰਹਾਇ ਹੈਂ । ਤ੍ਰੇਤਾ ਯੁਗ ਆਏ ਅਵਤਾਰ ਹਰਿ ਲਏ ਵਹਿ ਦਸਰਥ ਸੁਤ ਹੋਇ ਰਾਮ ਯੋ ਕਹਾਇ ਹੈਂ । ਭੂਮ ਭਾਰ ਹਾਰ ਕਾਜ ਤਜੇਂਗੇ ਸੁ ਤਾਤ ਰਾਜ ਚੀਰ ਪਟਧਾਰ ਵਹਿ ਬਨਮੈਂ ਸੁ ਆਇ ਹੈਂ । ਸੀਯ ਤਾਂਹਿੰ ਭਾਰਯਾ ਸੁ ਹਰੀ ਜਾਹਿੰ ਆਰਜਾ ਸੁ ਸੋਧਨੇ ਕੇ ਕਾਜ ਵਹਿ ਬਾਨਰ ਪਠਾਇਹੈਂ ॥ ੨੯॥ ਚੌਪਈ ॥ ਯਾਹਿ ਗੁਹਾਕੇ ਭੀਤਰ ਆਵੈਂ । ਪੂਜੋਂ ਤੁਹ ਫਲ ਮੂਲ ਖੁਲਾਵੈਂ । ਬਹੁਰ ਗੁਹਾ ਤਜ ਜਾਹਿੰ ਵਹਿ ਰਾਮ। ਜਾਇ ਕਰੋਂ ਤੁਹ ਪਦ ਪ੍ਰਣਾਮ ॥ ੩੦ ॥ ਬਹੁਰ ਬਿਸ਼ਨ ਕੇ ਭੈਨਹਿ

ਜਾਵੈਂ । ਜੋਗੀ ਜਾਹਿ ਜਤਨ ਕਰ ਪਾਵੈਂ । ਅਬ ਮੈਂ ਰਾਮ ਨਿਹਾਰਨ ਜਾਵੋਂ । ਚਲੋ ਸੁ ਬੇਗ ਨ ਦੇਰ ਲਗਾਵੋਂ ॥ ੩੧॥ ਤੁਮ ਅਬ ਨੈਨ ਮਿਲਾਵੋ ਸਾਰੇ ।ਚਲੇ ਗੁਫਾਕੇ ਬਾਹਿਰ ਵਾਰੇ। ਸੁਨ ਸਬ ਬਾਨਰ ਨੈਨ ਮਿਲਾਏ।ਪੂਰਬ ਜਿਉਂ ਕਪਿ ਬਾਹਿਰ ਆਏ ॥ ੩੨ ॥ ਸ੍ਵੈਯਾ ॥ ਭਾਮਨਿ ਕ੍ਰਾਮਨਿ ਤਜਾਗ ਗੁਫਾ ਵਹਿ ਆਪ ਗਈ ਜਹਿੰ ਰਾਮ ਮੁਰਾਰੇ ।ਭ੍ਰਾਤ ਬਿਰਾਜਤਪਾਸ ਤਿਨੈ ਢਿਗ ਏਕ ਸੁ ਬਾਨਰ ਕੋ ਸਿਰਦਾਰੇ । ਪੇਖ ਪ੍ਰਦੱਖਣ ਤਾਹਿੰ ਕਰੀ ਪੁਨਿ ਬੰਦਨ ਰਾਮ ਪਦਾਂਬੁਜ ਧਾਰੇ । ਰੋਮ ਭਰੇ ਉਤਸ਼ਾਹ ਉਮਾਂ ਮੁਖਿ ਮਾਹਿ ਗਦਾਗਦ ਬੈਨ ਉਚਾਰੇ॥੩੩॥ ਸੁਧੰਪ੍ਰਭਾ ਵਾਚ ॥ ਸ੍ਵੈਯਾ ॥ ਰਾਜਨ ਰਾਇ ਸੁ ਦੇਖਨ ਕੇ ਹਿਤ ਆਈ ਈਹਾਂ ਤਵ ਪਾਇਨ ਦਾਸੀ । ਮੈਂ ਤੁਪ ਕੀਨ ਹਜ਼ਾਰਸਮਾਂ ਬਰ ਕੰਦਰ ਅੰਦਰ ਰਾਮ ਬਿਲਾਸੀ। ਆਜੁ ਭਯੋ ਫਲ ਤਾਂ ਤਪ ਕੋ ਪ੍ਰਭੁ ਰੂਪ ਪਿਖੇ ਜਗ ਮੈਂ ਅਬਿਨਾਸ਼ੀ । ਬੰਦਤ ਹੌਂ ਪਦ ਪੰਕਜ ਕੋ ਤੁਮ ਪਾਇ ਪਰੇ ਪੁਨਿ ਮਾਇ ਪ੍ਰਕਾਸ਼ੀ ॥ ੩੪ ॥ ਭੂਤਹਿੰ ਮਾਹਿੰ ਅਲਖ ਸਦਾ ਤੁਮ ਬਾਹਰ ਅੰਤਰਿ ਏਕ ਸੁ ਭਾਖੀ। ਮਾਹਿ ਕਨਾਤ ਤਨੀਂ ਤੁਮਹੀਂ ਤਿਹਤੇ ਤੁਮ ਮਾਨੁਖ ਸੇ ਜਨ ਲਾਖੀ । ਜਾਨ ਸਕੇਂ ਨਹਿ ਮੂਢ ਤੁਮੈਂ ਸੁ ਸਿਲੂਖ ਸਮਾਨ ਸਜੇ ਤਨ ਬਾਖੀ । ਸੇਵਕ ਜੇ ਤੁਮਰੇ ਪਦ ਕੇ ਵਹਿ ਜਾਨਤ ਹੈਂ ਜਗ ਤੇ ਵੈਹ ਜਾਖੀ॥ ੩੫ ॥ ਸੇਵਕ ਸੇਵ ਬਤਾਵਨ ਕੇ ਹਿਤ ਤੈਂ ਅਵਤਾਰ ਲਯੋ ਜਗ ਮਾਹੀਂ । ਤਾਂਅਸ ਜੋਨਿ ਸੁ ਮੈ ਜਗ ਮੈਂ ਕਿਹ ਭਾਂਤਿ ਲਖੋਂ ਤੁਮਕੋ ਭਵ ਮਾਹੀਂ । ਤੇ ਬਲ ਤੱਤੁ

ਸਰੂਪ ਭਲੇ ਜਨ ਕੇਚਿਤ ਜਾਨਤ ਲੋਕਿਨ ਮਾਹੀਂ । ਰੂਪ ਇਹੈ ਜਗ ਪਾਵਨ ਜੋ ਨਿਤ ਰਾਮ ਬਸੈਂ ਹਮਰੈ ਉਰ ਮਾਹੀਂ ॥ ੩੬ ॥ ਰਾਮ ਸੁ ਤੇ ਪਦ ਮੋਹਿ ਪਿਖੇ ਵਹੁ ਮੋਖ ਸੋਂ ਆਪਹੀ ਦੇਹ ਦਿਖਾਰੇ। ਜੇਧਨ ਪੁਤ੍ਰ ਕਲਿਤ੍ਰ ਸੁਰਾ ਮੁਖ ਪਾਨ ਕਰੈ ਸੁ ਭਏ ਮਤਵਾਰੇ । ਤੂੰ ਧਨ ਆਹਿ ਅਕਿੰਚਨ ਕੋ ਧਨਵੰਤ ਕਹਾਂ ਤਵ ਨਾਮ ਉਚਾਰੈ। ਤੂੰ ਗੁਣ ਹੀਨ ਅਕਿੰਚਤ ਬਿੱਤ ਸਦਾ ਅਭਿ ਬੰਦਨ ਆਹਿ ਹਮਾਰੇ ॥ ੩੭ ॥ ਚੌਪਈ ॥ ਆਤਮ ਰਾਮ ਤੁਹੀਂ ਜਗ ਮਾਹੀਂ । ਤੂੰ ਨਿਰਗੁਣ ਗੁਣ ਤੇਰੇ ਮਾਹੀਂ । ਕਾਲਰੂਪ ਈਸ਼ਰ ਤੂੰ ਆਹਿ । ਆਦਿ ਅੰਤਿ ਮੱਧਿ ਤਵ ਨਾਹਿ ॥ ੩੮ ॥ ਸਭ ਭੂਤਨ ਮੈਂ ਤੂੰ ਸਮ ਅਹੈ । ਤੂੰ ਪੁਰਖੋਤਮ ਮੈਂ ਉਰ ਲਹੈ । ਤੇਰੋ ਦੇਵ ਅਚਰਜ ਸੁ ਜੋਈ । ਲੋਕ ਬਿਡੰਬਨ ਲਖੇ ਨ ਕੋਈ ॥ ੩੯॥ ਤੇਰੋ ਨਾਹਿੰ ਪਿਆਰੋ ਕੋਈ । ਦ੍ਵੈਖ ਵਿਖੈ ਤੁਮਰੇ ਨਹਿੰ ਹੋਈ। ਤੇਰੀ ਮਾਇਆ ਢਾਪੈ ਜੇਈ। ਤੁਮਕੋ ਸੱਮਕ ਲਖੈ ਨ ਤੇਈ ॥ ੪੦ ॥ ਤੁਮ ਅਜਨਮ ਪੁਨਿ ਜਨਮ ਤੁਮਾਰੇ । ਦੇਵ ਤ੍ਰਿਯਕ ਅਰ ਨਰਨ ਮਝਾਰੇ । ਜਨਮ ਸੁ ਕਰਮਾਦਿਕ ਤੇ ਜੇਈ । ਆਹਿ ਅਜੀਤ ਬਿਡੰਬਨ ਤੇਈ ॥ ੪੧ ॥ ਤੋਕੋ ਅਖਜਰ ਬੇਦ ਬਖਾਨੋਂ । ਕੱਲਜਾਣ ਕਥਾ ਹਿਤ ਜਨਮਸੁ ਠਾਨੋਂ । ਕੌਸਲ ਰਾਜ ਤਪਹਿ ਫਲ ਦਾਨ । ਕੇਚਿਤ ਜਨਮ ਸੁ ਕਰੋਂ ਬਖਾਨ ॥ ੪੨ ॥ ਕੇਚਿਤ ਕਹੋਂ ਕੁਸੱਲਜਾ ਮਾਤਾ । ਬਿਨਤੀ ਕਰੋਂ ਭਏ ਬਿਖਜਾਤਾ । ਰਾਖਸ਼ ਦੁਸ਼ਟ ਭਏ ਭੂ ਭਾਰ । ਮਾਰਣ ਹਿਤ ਲੀਨੋ ਅਵਤਾਰ ॥ ੪੩ ॥ ਬਿਨਤੀ ਚਤੁਰਾਨਨ ਥੀ

ਕਰੀ। ਯਾ ਹਿਤ ਭਏ ਮਨੁਜ ਜਗ ਹਰੀ॥ ਕੇਚਿਤ ਐਸੇ ਕਰੇਂ ਬਖਾਨ। ਤੂੰ ਪਰਿ ਪੂਰਣ ਹੈਂ ਭਗਵਾਨ॥ ੪੪॥ ਤੇਰੀ ਕਥਾ ਸੁਨੇਂ ਅਰ ਗਾਵੇਂ। ਤੇ ਰਘੁਨੰਦਨ ਤੇ ਪਦ ਪਾਵੇਂ। ਤੇਰੋ ਪਾਦ ਪੋਤ ਅਵਿਲੰਬਾ। ਪਾਇ ਤਰੇ ਭਵ ਨਾਹਿ ਬਿਲੰਬਾ॥ ੪੫॥ ਤਵ ਮਾਇਆ ਗੁਣ ਮੇ ਉਰ ਬੰਧਾ। ਯਾਤੇ ਭਈ ਸੁ ਮੈ ਪ੍ਰਭ ਅੰਧਾ। ਤੂੰ ਗੁਣ ਭਿੰਨ ਸੁ ਗੁਣਨ ਅਧਾਰਾ। ਕੈਸੇ ਜਾਨੋਂ ਰੂਪ ਤੁਮਾਰਾ॥ ੪੬॥ ਉਸਭਤਿ ਕੈਸੇ ਕਰੋਂ ਤੁਮਾਰੀ। ਬਾਣੀ ਕੇ ਨਹਿੰ ਬਿਖੇ ਮੁਰਾਰੀ। ਭਾਂਤੇ ਕਰੋਂ ਸੁ ਪਦ ਪਰਜਾਮਾ। ਬਾਣ ਸਰਾਸਨ ਧਾਰੀ ਰਾਮਾ॥ ੪੭॥ ਲਖਮਣ ਸਹਿਤ ਸੁ ਦੇਵ ਬਿਰਾਜੇ। ਸਹਿਤ ਸੁਗ੍ਰੀਵ ਨਿਖਲ ਤਮ ਭਾਜੇ। ਯਾਬਿਧ ਕਰੀ ਬਡਾਈ ਜਬਹੀਂ। ਭਏ ਪ੍ਰਸੰਨ ਉਮਾਂ ਹਰਿ ਤਬਹੀਂ॥ ੪੮॥ ਦੋਹਰਾ॥ ਸੁਯੰ ਪ੍ਰਭਾ ਨਿਜ ਭਗਤਿ ਪਿਖ ਲੇ ਹਸਿ ਭਗਵਾਨ। ਜੋ ਵਰ ਚਾਹੋ ਚੀਤ ਮੈਂ ਸੋ ਮਮ ਕਰੋ ਬਖਾਨ॥ ੫੦॥ ਦੋਹਰਾ॥ ਸੁਯੰ ਪ੍ਰਭਾ ਪੁਨਿ ਰਾਮ ਪ੍ਰਤਿ ਭਾਖੇ ਬਚਨ ਬਿਸਾਲ। ਭਗਤ ਸੁ ਰਾਘਵ ਦੀਜੀਏ ਤੁਮ ਭਗਤਨ ਪਰ ਦਯਾਲ॥ ੫੧॥ ਜਹਿ ਜਹਿ ਜਨਮੋ ਕਰਮ ਵਸ ਤਹਿ ਤਹਿ ਭਗਤਿ ਤੁਹਾਰ। ਤਵ ਭਗਤਨਕੋ ਸੰਗ ਸਦ ਹੋਵੇ ਮੋਹ ਮੁਰਾਰ॥ ੫੨॥ ਸਵੈਯਾ॥ ਮੂਢਨ ਕੋ ਨਹਿ ਸੰਗ ਕਬੀ ਪ੍ਰਭ ਹੋਵਤ ਮੇ ਯਹਿ ਲੋਕ ਮਝਾਰੇ। ਜੀਭ ਰਰੇ ਮੁਖ ਰਾਮ ਸਦਾ ਮਨੁ ਰਾਮ ਸੁ ਸਾਮਲ ਰੂਪ ਚਿਤਾਰੇ। ਸੀਯ ਸੁ ਭ੍ਰਾਤ ਸਮੇਤ ਸਦਾ ਸਰ ਔਰ ਸਰਾਸਨ ਹੈ ਕਰ ਧਾਰੇ। ਪੀਤ

ਪਟੰਬਰ ਔਮੁਕਟਾ ਪੁਨਿ ਅੰਗਦ ਨੂਪਰ ਹਾਰ ਸਵਾਰੇ ॥ ੫੩ ॥ ਦੋਹਰਾ ॥ ਕੌਸ੍ਤੁਕ ਮਣਿ ਗਲ ਮੈਂ ਲਸੈ ਕੁੰਡਲ ਕਾਨ ਸੁਹਾਹਿੰ । ਇਹੀ ਬਸੈ ਉਰ ਮੈਂ ਸਦਾ ਰਾਮ ਔਰ ਬਰ ਨਾਹਿੰ ॥੫੪॥ਸ੍ਰੀ ਰਾਮ ਉਵਾਚ ॥ ਚੌਪਈ ॥ ਸੁਧੀ ਪ੍ਰਭਾ ਐਸੇ ਹੀ ਹੋਈ । ਤੂੰ ਮਨ ਮੈਂ ਚਾਹਤ ਹੈਂ ਜੋਈ । ਬੱਦ੍ਰੀ ਖੰਡ ਪਾਵਨ ਮਮ ਥਾਨ । ਤਹਾਂ ਜਾਇ ਕਰ ਦਰਸ ਮਹਾਨ॥ ੫੫ ॥ਤਹਿੰ ਬਸ ਮੋਕੋ ਉਰ ਮੈਂ ਭਜੇ । ਬਹੁਰੋ ਜਾਇ ਕਲੇਵਰ ਤਜੇ । ਮੋਹ ਪਰਾਤਮ ਕੋ ਤਬ ਪਾਵੈਂ । ਬਹੁਰੋ ਭਵ ਸਾਗਰ ਨਹਿੰ ਆਵੈਂ ॥ ॥ ੫੬ ॥ ਸੁਨਿ ਰਾਘਵ ਕੀ ਯਾਬਿਧ ਬਾਨੀਂ । ਉਮਾਂ ਤਾਹਿੰ ਅੰਮ੍ਰਿਤਸਮ ਮਾਨੀਂ । ਬੱਦ੍ਰੀ ਖੰਡ ਆਸ਼੍ਰਮ ਮਹਿ ਜਾਈ। ਸਿਮਰੈ ਰਘੁਪਤਿ ਪ੍ਰੇਮ ਲਗਾਈ ॥ ੫੭ ॥ ਦੋਹਰਾ ॥ ਉਮਾ ਕਲੇਵਰ ਤਿਆਗ ਕੈ ਗਈ ਰਾਮ ਕੇ ਧਾਮ । ਗਿਰਜਾ ਕਾਨਨ ਮੈਂ ਫਿਰੇ ਮੋਖ ਕਲਪ ਦ੍ਰੁਮ ਰਾਮ ॥ ੫੮ ॥

ਇਤਿ ਸ੍ਰੀ ਅਤਿ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਕਿਸਕਿੰਧਾ ਕਾਂਡੇ ਖਸ਼੍ਮੋ ਧਿਆਇ ॥ ੬ ॥

ਸ੍ਰੀ ਮਹਾਂਦੇਵ ਉਵਾਚ

ਕਬਿਤ । ਤਰੁਣ ਕੇ ਮੂਲ ਖਰੇ ਬਾਨਰ ਲੰਗੂਰ ਸੀਘ ਸਾਰ ਨਹਿੰ ਆਈ ਭਈ ਚਿੰਤ ਸਭ ਕੀਸ਼ ਕੇ । ਭਏ ਕਪਿ ਸਾਰੇ ਸਭਿ ਅੰਗਦ ਉਚਾਰੇ ਗਏ ਤੀਸ ਦਿਨ ਸਾਰੇ ਜਨ ਹੈਂ ਅਧੀਨ ਈਸ਼ ਕੇ । ਦਰੀ ਮੈਂ ਜੁ ਭ੍ਰਮੇ ਮਾਸ ਸੀਯਾ ਕੀ ਨ ਭਈ

ਆਸ ਪ੍ਰਾਨ ਤੇ ਉਦਾਸ ਕਾਜ ਕਰੇ ਨ ਕਪੀਸ਼ ਕੇ । ਜਾਹਿੰਗੇ ਸੁ ਰਾਜ ਧਾਨੀਂ ਹੋਹਿੰ ਪ੍ਰਾਨ ਹਾਨੀਂ ਸਭ ਮਾਰੇ ਸੁਗ੍ਰੀਵ ਕਛੁ ਚਲੇ ਨ ਸੁਰੇਸ਼ ਕੇ ॥ ੧ ॥ ਬਾਲੀ ਹੁਤੋ ਤਾਤ ਬਖਯਾਤ ਜਿਨ ਬੈਰ ਕੀਨੋ ਤਾਕੋ ਸੁਤ ਜਾਨ ਮਿਸ ਪਾਏ ਮੋਹਿ ਮਾਰ ਹੈ ।ਮੋਹਿ ਸੋਂ ਨ ਤਾਹਿ ਪ੍ਰੀਤ ਬੈਰ ਅਤਿ ਚੀਤ ਦ੍ਰਿਢ ਮਾਰਤੋ ਸੁ ਤਬੀ ਜਬ ਰਾਮ ਨ ਉਬਾਰ ਹੈ । ਰਾਮ ਕੋ ਨ ਕਾਜ ਕੀਨੋਂ ਜਾਂਤੇ ਸੁਖ ਹੋਤ ਜੀਨੋਂ ਇਹੈ ਸੁਗ੍ਰੀਵ ਸੁ ਬਹਾਨੋਂ ਉਰਧਾਰ ਹੈ॥ਮਾਤ ਕੇ ਸਮਾਨ ਕਹੀ ਬੇਦ ਔ ਪੁਰਾਨ ਬਚ੍ਹੇ ਭਾਈ ਕੀ ਸੁ ਨਾਰਿ ਭਜੇ ਪਾਪੀ ਨ ਬਿਚਾਰ ਹੈ॥ ੨ ॥ ਸੁਨੋ ਕਪਿ ਪੁੰਗਵ ਨ ਜਾਹਿੰ ਪੁਰ ਪੁੰਗਵ ਸੁ ਮਰੇਂ ਹਮ ਈਹਾਂ ਬਨ ਪਾਵਕ ਜਲਾਇਕੈ । ਅੰਗਦ ਸੁ ਨੈਨ ਜਲ ਪੋਖਿ ਬਲਵੰਤ ਕਪਿ ਨੀਰ ਨੈਨ ਭਰ ਸਭ ਕਹਜੋ ਹੈ ਸੁਨਾਇਕੈ । ਕਾਹੇ ਕੋ ਸੁ ਕਰੋ ਸ਼ੋਕ ਯੋਂ ਕਹੈ ਮਹਾਨ ਯਹ ਕਰੇ ਰਛਪਾਲ ਤੇਰੇ ਪ੍ਰਾਣ ਕੀ ਸਹਾਇਕੈ । ਫੇਰ ਗੁਹਾ ਵਰੇ ਬਨਿ ਬਾਸ ਈਹਾਂ ਕਰੇ ਸਭ ਭੋਗ ਤੋ ਮਹਾਨ ਰਹੇ ਯਾਹਿ ਮੈਂ ਸੁਹਾਇ ਕੈ ॥ ੩ ॥ ਸਵੈਯਾ ॥ ਇਹ ਭਾਂਤਿ ਬਿਚਾਰ ਕਰੈ ਕਪਿ ਅੰਗਦ ਮਾਰੁਤ ਨੰਦਨ ਏ ਸੁਨਿ ਪਾਈ । ਨਯ ਕੋਵਿਦ ਆਪ ਸੁ ਬਾਤ ਕਹੀ ਪੁਨਿ ਅੰਗਦ ਕੋ ਗਲ ਮਾਂਹਿ ਲਗਾਈ । ਇਹ ਕਾਹੇ ਬਿਚਾਰ ਕਰੋ ਬਨ ਅੰਗਦ ਨੀਤ ਬੁਰੀ ਤੁਮ ਹੈ ਠਹਿਰਾਈ । ਤੁਮ ਰਾਜ ਕੁਮਾਰ ਉਦਾਰ ਬਡੇ ਅਤਿ ਬੱਲਭ ਹੈ ਬਲ ਹੈ ਕਪਿ ਰਾਈ ॥ ੪ ॥ ਦੋਹਰਾ ॥ ਲਖਮਣ ਤੇ ਤੁਮ ਰਾਮ ਕੋ ਪਜਾਰੇ ਹੋ ਉਰ ਮਾਹੀਂ । ਰਾਘਵ

ਤੇ ਡਰ ਨਾਹਿੰ ਤਵ ਕਪਿਨਾਇਕ ਡਰਕਾਹਿ ॥੫॥ ਕਬਿਤੁ ॥
ਤੇਰੇ ਹਿਤ ਚਹੋ ਬੀਰ ਔਰ ਨ ਬਿਚਾਰੋ ਧੀਰ ਸਾਥ ਤੇਰੇ ਚਲੋਂ
ਚਿਤ ਸੰਕ ਨਾਂਹਿੰ ਧਾਰੀਯੇ। ਏਜੁ ਗੁਹਾਵਾਸ ਕਪਿ ਕਹੈਂ ਹੈਂ
ਮਵਾਸ ਸਭ ਝੂਠੇ ਉਰ ਜਾਨੋ ਭਵ ਨੀਕੇ ਸੁ ਉਚਾਰੀਯੇ ।
ਤੀਨ ਲੋਕ ਮਾਹਿੰ ਰਾਮ ਬਾਣਤੇ ਅਭੇਦ ਨਾਹਿੰ ਛਾਡਿ ਜਾਹਿੰ
ਕਪਿ ਜਿਨ ਸੰਗ ਸੁ ਬਿਚਾਰੀਯੇ। ਸੁਤ ਅਰਨਾਰਿ ਇਨ ਗਾਉਂ
ਕੇ ਮਝਾਰ ਉਹਾਂ ਤਾਹਿੰ ਤਜ ਪਾਸ ਭਵ ਰਹੇ ਨ ਨਿਹਾਰੀਯੇ
॥ ੬॥ ਗੋਪ ਇਕ ਬਾਤ ਹੈ ਸੁ ਕਹੋਂ ਬੱਖਜਾਤ ਸੁਤ ਸੁਨੋ ਮਨ
ਲਾਇ ਪਾਛੇ ਉਰ ਮੈਂ ਸੁ ਮਾਨੀਏ। ਰਾਮ ਨਰ ਨਾਹਿੰ ਸੁ
ਨਾਰਾਇਣ ਪ੍ਰਗਟ ਜਗ ਸੀਯ ਮਾਇ ਰੂਪ ਉਰ ਲੱਖਮੀ
ਪਛਾਨੀਏ।ਲਖਮਣ ਸ਼ੇਸ਼ ਧਾਰ ਜਗ ਕੋ ਅਧਾਰ ਪ੍ਰਭੁ ਬੇਦ ਔ
ਪੁਰਾਨ ਮੈਂ ਸਹੰਸ ਸੀਸ ਭਾਨੀਯੇ। ਰਾਖ਼ਸ਼ ਬਿਨਾਸ਼ ਹਿਤ
ਬਿਨਤੀਪਿਤਾਮਾਂਕਰੀਮਾਯਾਤਨਧਾਰੀ ਲੋਕਪਾਲਕ ਬਖਾਨੀ-
ਏ ॥ ੭ ॥ ਬਿਸ਼ਨ ਬਿਕੁੰਠ ਬਾਸ਼ ਤਾਂਕੇ ਹਮ ਦਾਸ ਸਭ ਭਯੋ
ਹਰਿ ਮਨੁਜ ਪ੍ਰਮਾਤਮਾਂ ਸੁਹਾਵਨਾ । ਤਾਂਹਿ ਕੀ ਸੁ ਮਾਯਾ
ਜਿਨ ਲੋਕ ਹੈ ਭ੍ਰਮਾਯਾ ਤਿਨ ਕਰੇ ਹਮ ਕਪਿ ਫਲ ਮੂਲ ਹੀ
ਸੁ ਖਾਵਨਾ। ਪੁਰਬ ਅਰਾਧਿ ਹਰਿ ਰਾਮਹੀ ਕੀ ਮਯਾ ਕਰ
ਭਏ ਪਾਰਖਦਹੁ ਬਿਕੁੰਠ ਲਾਇ ਭਾਵਨਾ।ਅਬ ਤਿਨ ਸੇਵ ਕਰ
ਪਾਪ ਪਰਹਰਿ ਸਭ ਪਾਇ ਸੁ ਬਿਕੁੰਠ ਬਾਸ ਸੁਖ ਹਮ ਪਾਵਨਾ
॥ ੮ ॥ ਸਵੈਯਾ ॥ ਅੰਗਦ ਕੋ ਇਹ ਭਾਂਤਿ ਸੰਬੋਧ ਗਏ
ਬਿਧੀਯਾਚਲ ਕੇ ਬਨ ਬੀਰਾ। ਚੂੰਚਤ ਹੈ ਜਨਕਾ ਤਨਜਾ ਸੁ

ਮਹੇਂਦ੍ ਗਿਰੀ ਗਏ ਸਾਇਰ ਤੀਰਾ ॥ ਪੇਖ ਸਮੁੰਦ੍ ਅਪਾਰ ਮਹਾਂ ਭੁਯ ਦਾਇਕ ਜਾਹਿੰ ਅਗਾਧ ਸੁ ਨੀਰਾ। ਬਾਨਰ ਚੀਤ ਮਹਾਂ ਡਰਪੇ ਕਹਿ ਕਾਹਿ ਕਰੈਂ ਉਰ ਮਾਹਿੰ ਅਧੀਰਾ ॥ ੯॥ ਸਾਗਰ ਕੇ ਤਟ ਬੈਠ ਗਏ ਬਹੁ ਚਿੰਤ ਬਢੀ ਸਭ ਕੇ ਉਰ ਮਾਹੀਂ। ਬੈਠ ਬਿਚਾਰ ਕਰਜੋ ਸਗਲੇ ਇਕ ਮਾਸ ਗਯੋ ਭ੍ਰਮ ਤੇ ਕੁਹ ਮਾਹੀਂ। ਰਾਵਣ ਨਾਹਿ ਪਿਖੇ ਅਬ ਲੌ ਪੁਨਿ ਸੀਯ ਕੀ ਸਾਰ ਨਹੀਂ ਜਗ ਮਾਹੀਂ। ਭੀਖਨ ਦੰਡ ਕਪੇਸ਼ ਅਏ ਵਹਿ ਪ੍ਰਾਣ ਹਨੇ ਸੁ ਗਏ ਪੁਰ ਮਾਹੀਂ ॥ ੧੦ ॥ ਸੁਗ੍ਰੀਵ ਹਨੇ ਇਹ ਤੇ ਸੁਭਲੋ ਇਹ ਠੌਰ ਮਰੋ ਕਛੁ ਧਾਰ ਉਪਾਏ। ਇਹ ਭਾਂਤਿ ਉਚਾਰ ਉਪਾਰ ਕੁਸ਼ਾ ਕਪਿ ਪਾਵਨ ਆਸਨ ਬੀਨ ਬਿਛਾਏ। ਤਹਿ ਬੈਠ ਗਏ ਸਗਲੇ ਕਪਿ ਵੈ ਜਗ ਆਜੁ ਮਰੇ ਮਨਮੈ ਠਹਰਾਏ। ਪੁਨਿ ਤਾਂਹਿ ਸਮੇ ਗਿਰ ਕੰਦਰ ਤੇ ਨਿਕਸੇ ਖਗ ਏਕ ਭਯਾਨਕ ਆਏ ॥ ੧੧ ॥ ਗੀਝਨਰਾਜ ਬਡੇ ਸਿਰਤਾਜ ਸੁ ਭੂਧਰ ਸੇ ਜਿਨਕੇ ਤਨ ਭਾਰੇ। ਬਾਨਰ ਕੇ ਸਿਰਤਾਜ ਬਡੇ ਕੁਸ ਆਸਨ ਮਾਹਿੰ ਸੁ ਤਾਹਿੰ ਨਿਹਾਰੇ। ਭੋਜਨ ਆਜੁ ਦਯੋ ਬਹੁਤੌ ਜਗ ਨਾਇਕ ਯੌਂ ਮੁਖਿ ਮਾਹਿ ਉਚਾਰੇ। ਏਕਹ ਏਕਸੁ ਬਾਨਰ ਕੋ ਸੁ ਕਰੋਂ ਦਿਨ ਏਕਹਿ ਏਕ ਅਹਾਰੇ ॥ ੧੨ ॥ ॥ ਕਬਿੱਤੁ ॥ ਸੁਨਿਕੈ ਸੁ ਗੀਝ ਬਾਨੀ ਭਏ ਹੈਂ ਮਲਾਨੀ ਮੁਖ ਖਾਇਗੋ ਸੁ ਗੀਝ ਤਨ ਕਪਿਨ ਵਿਚਾਰਿਯੋ। ਸੀਯ ਕੋ ਨ ਸੁਧ ਲੀਨੋ ਰਾਮ ਕੋ ਨ ਕਾਜ ਕੀਨੋ ਔਰ ਕਪਿ ਨਾਇਕ ਕੋ ਕਾਜ ਨਾ ਸਵਾਰਿਯੋ। ਹਿਤ ਨ ਕਮਾਯੋ ਹਮ ਬ੍ਰਿਥਾ ਯਾਮ ਲੋਕ

ਪਾਯੋ ਧੀਨ ਸੁ ਜਟਾਯੁ ਜੋਈ ਰਾਮ ਹਿਤ ਮਾਰਿਓ । ਯੋਗੀ ਕੋ ਦੁਲੰਭ ਪਦ ਪਾਯੋ ਹੈ ਜਟਾਯੁ ਖਗ ਡਾਰਕੈ ਸੁ ਦੇਹ ਹਰਿ ਲੋਕ ਮੈਂ ਪਧਾਰਿਓ ॥ ੨੩ ॥ ਚੌਪਈ ॥ ਉਮਾ ਸੰਪਾਤੀ ਸੁਨ ਯਹਿ ਬਾਨੀ । ਭ੍ਰਾਤਿ ਕਥਾ ਮੁਖਿ ਕਪਿਨ ਬਖਾਨੀ । ਪੂਛਜੋ ਬਹੁਰ ਭਲੇ ਹਿਤ ਲਾਈ । ਤੁਮਹੌ ਬਾਨਰ ਕੌਨ ਸੁ ਭਾਈ ॥ ੨੪ ॥ ਜਟਾਯੁ ਨਾਮ ਮਮ ਭ੍ਰਾਤ ਬਖਾਨ । ਸੁਧਾ ਸਮਾਨ ਪਰੋ ਮਮ ਕਾਨ । ਮੋਰੇ ਤੇ ਡਰ ਤੁਮਕੋ ਨਾਹੀਂ । ਕਹੋ ਪਵੰਗਮ ਜੋ ਮਨ ਮਾਹੀਂ ॥ ੨੫ ॥ ਤਿਨ ਮੈਂ ਅੰਗਦ ਜੋ ਪਰਧਾਨ । ਉਮਾ ਲਗੋ ਤਬ ਕਰਨ ਬਖਾਨ । ਦਸਰਥ ਪੂਤ ਰਾਮ ਜਸ ਦੀਕੋ । ਲਖਮਣ ਭ੍ਰਾਤ ਜਾਹਿ ਕੋ ਨੀਕੋ ॥ ੨੬ ॥ ਸੀਯ ਭਾਰਯਾ ਤਾਂਕੀ ਪਿਆਰੀ । ਤਾਂ ਸੰਗ ਆਈ ਵਿਪਨ ਮਝਾਰੀ । ਰਾਵਣ ਦੁਸ਼੍ਟ ਮਹਾਂ ਹੰਕਾਰੀ । ਤਾਂਹਿ ਹਰੀ ਵਹਿ ਜਨਕ ਕੁਮਾਰੀ ॥ ੨੭ ॥ ਰਾਮਚੰਦ ਮ੍ਰਿਗ ਮਾਰਣ ਗਏ । ਲਖਮਣ ਤਾਂਕੇ ਪਾਛੇ ਧਏ । ਰਾਮ ਸੀਯ ਕੀ ਕਰੀ ਪੁਕਾਰਾ । ਸੁਨਾ ਜਟਾਯੁ ਭਯੋ ਦੁਖ ਭਾਰਾ ॥ ੨੮ ॥ ਰਾਵਣ ਸਾਥ ਭ੍ਰਿਯੋ ਰਣ ਵਾਰੀ । ਰਾਵਣ ਮਾਰਿਓ ਖਗ ਸੰਭਾਰੀ । ਰਾਮ ਨਮਿੱਤ ਮੁਏ ਖਗ ਰਾਜਾ । ਰਾਮ ਦਾਹ ਲੌ ਕਰੇ ਸੁ ਕਾਜਾ ॥ ੨੯ ॥ ਰਾਮ ਸੰਯੁਜ ਜਟਾਯੁ ਸੁ ਪਾਈ । ਰਾਮ ਮਿਲੇ ਸੁਗ੍ਰੀਵਹ ਜਾਈ । ਅਗਨ ਜਲਾਇ ਭਏ ਵਹਿ ਮੀਤਾ । ਬਹੁਰ ਸੁਗ੍ਰੀਵ ਕਹੀ ਸਭ ਰੀਤਾ ॥ ੨੦ ॥ ਰਾਮਚੰਦ ਬਾਲੀ ਰਣ ਮਾਰਾ । ਸੁਗ੍ਰੀਵ ਭਾਲ ਰਾਜਾ ਕਪਿ ਧਾਰਾ । ਸੁਗ੍ਰੀਵ ਸੁ ਬਾਨਰ ਖ੍ਵਿੰਦ ਪਠਾਏ । ਢੂੰਢੋ ਸੀਯ ਜਗਤ ਮੈ ਜਾਏ

॥ ੨੧ ॥ ਸਵੈਯਾ ॥ ਇਕ ਮਾਸਹਿ ਪੁਰਬ ਆਹੁ ਸਭੈ ਨਹਿੰ ਪ੍ਰਾਣ ਹਨੋਂ ਕਰ ਦੰਡ ਭੁਮਾਰੇ। ਇਹ ਭਾਂਤਿ ਬਖਾਨ ਪਠਾਇ ਦਏ ਹਮ ਆਇ ਪਰੇ ਗਿਰ ਕੰਦਰ ਭਾਰੇ। ਇਕ ਮਾਸ ਬਿਤੀਤ ਭਯੋ ਹਮਕੋ ਨਹਿ ਮੀਯ ਸੁ ਰਾਵਣ ਨੈਨ ਨਿਹਾਰੇ। ਅਬ ਪ੍ਰਾਣ ਤਜੇਂ ਕੁਸ ਡਾਰ ਤਲੇ ਸਰਭਾਪਤਿ ਕੇ ਪੁਨਿ ਬੈਠ ਕਨਾਰੇ ॥ ੨੨ ॥ ਜੌ ਤੁਮ ਜਾਨਤ ਹੌ ਖਗ ਰਾਜਨ ਸੀਯ ਕਥਾ ਮਮ ਦੇਹਿ ਸੁਨਾਏ। ਅੰਗਦ ਬੈਨਨ ਕੋ ਸੁਨ ਕੈ ਹਰਖੇ ਉਰ ਮੈ ਖਗਰਾਜ ਅਲਾਏ। ਬਾਨਰ ਪ੍ਰਾਣ ਸਮਾਨ ਜਟਾਯੁ ਸੁਭ੍ਰਾਤ ਹੁਤੇ ਲਘੁ ਮੇ ਉਰ ਭਾਏ। ਬੀਤ ਹਜਾਰ ਗਏ ਬਰਖਾ ਬਹੁ ਭ੍ਰਾਤ ਉਦੰਤ ਸੁ ਮੈਂ ਅਬ ਪਾਏ ॥ ੨੩ ॥ ਵਾਕ ਸਹਾਇ ਕਰੋਂ ਤੁਮਰੀ ਸੁਨਿ ਬਾਨਰ ਆਜ ਭਏ ਦੁਖ ਭਾਰੇ। ਭ੍ਰਾਤਕੁ ਨੀਰ ਸੁ ਦਾਨ ਦਯੋਂ ਅਬ ਲੇ ਚਲੀਏ ਮਮ ਨੀਰ ਕਨਾਰੇ। ਦੇ ਜਲ ਫੇਰ ਕਹੋਂ ਬਤੀਆਂ ਸਭ ਕਾਰਜ ਜਾਂਕਰ ਹੋਹਿ ਤੁਮਾਰੇ। ਬਾਨਰ ਭਾਖ ਤਥਾ ਮੁਖ ਤੇ ਖਗ ਆਨ ਧਰੇ ਜਹਿੰ ਉਜਲ ਵਾਰੇ॥ ੨੪ ॥ ਨ੍ਹਾਇ ਜਟਾਯੁ ਕੋ ਨੀਰ ਦਯੋ ਪੁਨਿ ਬਾਨਰ ਤਾਂਹਿੰ ਸੁ ਲੀਨ ਉਠਾਈ। ਫੇਰ ਸੁ ਠਾਹਰਿ ਆਨ ਧਰੇ ਖਗ ਬਾਨਰ ਭਾਖਤ ਦੇਹਿ ਸੁਨਾਈ। ਬਾਨਰ ਕੋ ਹਰਖਾਵਤ ਹੀਂ ਤਬ ਸੀਯ ਕਥਾ ਖਗ ਰਾਜ ਬਤਾਈ। ਪਾਵਨ ਸੀਅ ਕਥਾ ਗਿਰਜਾਵਹਿ ਭਾਖਤ ਹੌਂ ਸੁਨੀਏ ਮਨ ਲਾਈ ॥ ੨੫ ॥ ਚੌਪਈ ॥ ਲੰਕਾ ਨਾਮ ਪੁਰੀ ਮਨ ਮੋਹੇ। ਗਿਰ ਤ੍ਰਿਕੂਟ ਕੇ ਸਿਰ ਪਰ ਸੋਹੇ। ਤਹਾਂ ਅਸ਼ੋਕ ਬਨੀ ਮਹਿ ਸੀਤਾ। ਰਾਮ ਸੀਯਾ ਰਾਖਤ ਹੈ ਨੀਤਾ ॥ ੨੬ ॥ ਸੌ ਯੋਜਨ ਪੈਡੋ

ਇਹ ਜਾਨੋ। ਲੰਕਾ ਜਲ ਨਿਧਿ ਮਧਿ ਪਛਾਨੋਂ। ਬਿਨ ਸੰਦੇਹ ਲੰਕ ਮੋਂ ਦੇਖੋ। ਸੀਤਾ ਤਹਾਂ ਭਲੀ ਬਿਧ ਪੇਖੋ॥ ੨੭॥ ਬਾਨਰ ਸੰਸਾ ਦੂਰ ਬਿਨੀਠਾ। ਗੀਝ ਸੁਭਾਉ ਦੂਰ ਮਮ ਡੀਠਾ। ਸੋ ਯੋਜਨ ਸਾਗਰ ਬਿਸਥਾਰਾ। ਯਾਂਕੋ ਔਨ ਸੁ ਲਾਂਘਨ ਹਾਰਾ॥ ੨੮॥ ਸੋ ਅਖਲੇਸ਼ ਤਨੂਜਾ ਦੇਖੇ। ਪੁਨਿ ਆਵੇ ਬਲਿਧਾਰ ਬਿਸੇਖੇ। ਰਾਵਣ ਦੁਸ਼ਟਾਤਮ ਖਲ ਭਾਰਾ। ਜਿਨ ਮੇਰੋ ਭਾਈ ਲਘੁਮਾਰਾ॥ ੨੯॥ ਏਕਾਕੀ ਤਹਿੰ ਮਾਰੋਂ ਜਾਇ। ਬਿਨਾ ਪੰਖ ਨਹੀਂ ਪਾਰਿ ਬਸਾਇ। ਸਾਗਰ ਤਰਿ ਪੁਨਿ ਦੇਇ ਸੁ ਸਾਰਾ। ਤਾਂਕੋ ਕਰੋ ਸੁ ਯਤਨ ਬਿਚਾਰਾ॥ ੩੦॥ ਦੋਹਰਾ॥ ਰਾਵਣ ਕੋ ਰਘੁਨਾਥ ਪੁਨਿ ਮਾਰਹਿੰਗੇ ਬਲਿ ਧਾਰ। ਸੀਯ ਸੋਧ ਪਹੁ ਚਾਵਨੀ ਯਹਿ ਹੈ ਕਾਜ ਤੁਮਾਰ॥ ੩੧॥ ਸ੍ਰੈਯਾ॥ ਸਿੰਧ ਇਹਾਂ ਸਤ ਯੋਜਨ ਬੀਚ ਸੁ ਜੋ ਕਪਿ ਜਾਇ ਸਕੇ ਬਲਿ ਪਾਰੇ। ਦੇਵਨਕੀ ਗਮਨਾਂਹਿ ਜਹਾਂ ਵਹਿ ਜਾਇ ਪਰੇ ਪੁਨਿ ਲੰਕ ਮਝਾਰੇ। ਸੀਯ ਨਿਹਾਰ ਸੁ ਵਾਕ ਉਚਾਰ ਮਹਾਂ ਬਲਿ ਆਵਹਿ ਯਾਹਿ ਕਨਾਰੇ। ਆਪਸ ਮੈਂ ਕਪਿ ਸੋ ਤੁਮ ਬਾਂਦਰ ਬੈਠ ਭਲੀ ਬਿਧ ਲੇਹੁ ਬਿਚਾਰੇ॥ ੩੨॥ ਇਤਿ ਸ੍ਰੀਮਤ ਅਧਜਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਕਿਸਕਿੰਧਾ ਕਾਂਡੇ ਸਪਤਮੋ ਧਿਆਇ ॥ ੭ ॥

ਸ੍ਰੀ ਮਹਾਂ ਦੇਵਉਵਾਚ ॥ ਦੋਹਰਾ ॥

ਉਮਾਂ ਸੰਪਾਤੀ ਆਪਨੋਂ ਕਹਤ ਭਯੋ ਬਿਰਤਾਂਤ। ਪੁਰਬ ਤਿਨ ਕੋ ਜੋ ਭਯੋ ਸੁਨੀਓ ਚੀਤ ਇਕਾਂਤ॥ ੧ ॥ ਕਬਿਤ ॥ ਮੈਂ

ਔ ਜਟਾਯੁ ਯੁਗ ਭਾਈ ਭਏ ਗਰਬਾਈ ਤਨ ਜੋ ਅੰਧੇਰ ਬਲ ਕਹਾਂ ਲੌ ਬਤਾਈਏ। ਰਵਿ ਮੰਡਲ ਉਡਾਨੇਂ ਬਲ ਯਾਹੀ ਤੇ ਪਛਾਨੇਂ ਭਏ ਯੋਜਨ ਹਜਾਰ ਪਾਰ ਨਭਕੋ ਨ ਪਾਈਏ। ਰਵਿ ਕੇ ਪ੍ਰਤਾਪ ਸੋਂ ਜਟਾਯੁ ਭਏ ਤਾਪ ਤਨ ਸੁਰਜ ਅਛਾਦਿ ਯਾਹਿ ਤਾਪ ਕੋ ਮਿਟਾਈਏ। ਐਸੇ ਮਨਿ ਧਾਰ ਦੋਊ ਪੰਖਨ ਪਸਾਰ ਰਵਿ ਛਾਦਯੋ ਸੁ ਮੋਹਿ ਜਨ ਰਾਹੁ ਸੇ ਸੁਹਾਈਏ॥੨॥ ਸਵੈਯਾ ॥ ਸੁਰਯਕੇ ਕਰ ਦਾਹ ਭਏ ਪਰ ਮੈਂ ਗਿਰਿਓ ਗਿਰਕੇ ਸਿਰ ਮਾਹੀਂ। ਦੂਰਹਿ ਤੇ ਕਪਿ ਮੈ ਗਿਰਿਓ ਅਤਿ ਮੂਰਛਤਾ ਸੁ ਭਈ ਤਨ ਮਾਂਹੀ। ਬੀਤ ਗਏ ਦਿਨ ਤੀਨ ਜਬੈ ਤਬਪ੍ਰਾਣ ਭਏ ਸੁ ਕਲੇਵਰ ਮਾਹੀਂ। ਪੀਰ ਮਹਾਂ ਤਨ ਧੀਰ ਗਯੋ ਪਖਿ ਹੀਂਨ ਭਯੋ ਸੁਧਿ ਨਾ ਮਨ ਮਾਹੀਂ ॥ ੩ ॥ ਕਬਿਤ ॥ ਕੌਨ ਦੇਸ ਕੌਨ ਗਿਰ ਕਾਨਨ ਸੁ ਕੌਨ ਧਰ ਜਾਨਿਓ ਨ ਜਾਇ ਕੁ ਭ੍ਰਾਂਤ ਚਿਤ ਹ੍ਵੈ ਗਯੋ। ਹਰਏ ਉਘਾਰ ਨੈਨ ਬੈਨ ਨ ਉਚਾਰ ਸਕੋਂ ਆਸ੍ਰਮ ਨਿਹਾਰ ਸ਼ਨੈ ਸ਼ਨੈ ਢਿਗ ਮੈ ਗਯੋ। ਚੰਦ੍ ਨਾਮ ਥੋ ਮੁਨੀਸ਼ ਨੀਤ ਉਰ ਈਸ਼ ਭਜੇ ਮੋਹਿ ਪਿਖ ਕਪਿ ਬਿਸਮਾਦ ਉਰ ਸੋ ਭਯੋ। ਕਹੋ ਰੇ ਸੰਪਾਤੀ ਉਤਪਾਤ ਯਹਿ ਕਾਹੇਤੇ ਸੁ ਪੰਖਨ ਬਿਹੀਂਨ ਤੋਹਿ ਕਹੋ ਕਿਨ ਹੈ ਕਯੋ ॥ ੪ ॥ ਤੂੰ ਤੋ ਹੁਤੋ ਬਲਵਾਨ ਪੂਰਬ ਪਛਾਂਨ ਮੇਰੀ ਜਰੇ ਪਰ ਕਾਹੇ ਤੇ ਸੋ ਕਹੋ ਸਮਝਾਇਕੈ। ਭਯੋ ਜੋਈ ਸਮਾਚਾਰ ਕਹਜੋ ਬਿਸਥਾਰ ਸਭੈ ਸੁਨਕੈ ਮੁਨੀਸ਼ ਉਰ ਰਹੇ ਬਿਸਮਾਇਕੈ। ਫੇਰ ਮੈਂ ਮੁਨੀਸ਼ ਕੋ ਉਚਾਰਿਓ ਬਿਚਾਰ ਕਰ ਤਜੋਂ ਯਹਿ ਦੇਹ ਜਨ ਪਾਵਕ

ਜਲਾਇਕੈ। ਪੰਖ ਬਿਨ ਜੀਵਨ ਸੁ ਖੀਨ ਭਯੋ ਮੇਰੋ ਅਬ ਸੁਨਕੈ ਮੁਨੀਸ਼ ਉਰ ਦਯਾ ਵਸੀ ਆਇਕੈ ॥ ੫ ॥ ਬਚਨ ਸੁਨੀਜੋ ਮੋਹਿ ਭਾਖੋਂ ਜੋ ਖਗੇਸ਼ ਤੋਹਿ ਸੁਨਕੈ ਕਰੀਜੈ ਸੁਤ ਚੀਤ ਜੋ ਸਹਾਇਕੈ। ਦੇਹ ਮੂਲ ਦੁੱਖ ਜਾਨ ਕਰਮ ਦੇਹ ਕੋ ਨਿਦਾਨ ਕਰਮਨ ਕੋ ਕਰੇ ਤਬ ਜੋ ਭਿਮਾਨ ਆਇਕੈ। ਦੇਹਿ ਅਭਿਮਾਨ ਕੋ ਸੁ ਹੇਤ ਹੈ ਅਵਿੱਦਜਾ ਅਨਾਦਿ ਜੜ ਰੂਪ ਤਾਹਿ ਬੇਦ ਸੁ ਸੁਨਾਇ ਕੈ। ਚੇਤਨ ਕੀ ਛਾਯਾ ਜਬ ਮਿਲੈ ਮਾਹਿੰ ਮਾਯਾ ਤਬ ਹੋਇ ਕੈ ਅਭੇਦ ਲੋਹ ਪਾਵਕ ਸੁਹਾਇਕੈ ॥ ੬ ॥ ॥ ਚੌਪਈ ॥ ਬਹੁਰੋ ਦੇਹ ਤਦਾਤਮ ਪਾਇ। ਚੇਤਨ ਵਤ ਪੁਨਿ ਦੇਹ ਸੁਹਾਇ। ਦੇਹਿ ਬਿਖੇ ਹੈਤਾ ਮਤਿ ਜੋਈ। ਹੋਇ ਹੰਕਾਰ ਅਧੀਨ ਸੁ ਸੋਈ ॥ ੭ ॥ ਤਾਂ ਮੂਲਕ ਯਹਿ ਹੈ ਸੰਸਾਰਾ ॥ ਸੁਖ ਦੁਖ ਜਾ ਮਾਹਿੰ ਅਪਾਰਾ। ਆਤਮ ਨਿਰਬਿਕਾਰ ਹੈ ਜੋਈ। ਮਿਥਜਾ ਭਯੋ ਭਿਮਾਨੀ ਸੋਈ ॥ ੮ ॥ ਦੇਹੁ ਹੰ ਪੁਨਿ ਕਰਮ ਕਮਾਊਂ ॥ ਇਨ ਕੋ ਫਲ ਆਗੇ ਮੈਂ ਪਾਊਂ। ਯੋਂ ਸੰਕਲਪ ਕਰੇ ਯਹਿ ਪ੍ਰਾਨੀ। ਕਰਮ ਕਰੇ ਫਲ ਮੈਂ ਅਭਿਮਾਨੀਂ ॥ ੯ ॥ ਫਲ ਬਾਂਧੋ ਯਹਿ ਭੁਜੇ ਬਿਕਾਰਾ ॥ ਅਰਧ ਉਰਧਿ ਭ੍ਰਮ ਬਾਰੰ ਬਾਰਾ। ਪੁੰਨ ਪਾਪ ਕੇ ਹੋਇ ਅਧੀਨਾਂ ॥ ਫਲ ਭੋਗੇ ਹਰਖੇ ਉਰ ਦੀਨਾ ॥ ੧੦ ॥ ਮੈਂ ਜਗ ਪੁੰਨਿ ਸੁ ਬਹੁਤ ਕਮਾਏ। ਯੱਗ ਦਾਨ ਬਹੁ ਭਾਂਤਿ ਕਰਾਏ। ਭੋਗੋਂ ਫਲ ਤਿਨ ਕੋ ਸੁਰ ਮਾਹੀਂ। ਯੋਂ ਸੰਕਲਪ ਕਰੇ ਮਨ ਮਾਹੀਂ ॥ ੧੧ ॥ ਭੋਗ ਤਹਾਂ ਬਹੁਰੋ ਚਿਰ ਕਾਲ। ਸੁਰਗਲੋਕ ਮੈਂ ਭੋਗ ਬਿਲਾਸ। ਖੀਂਣ ਪੁੰਨ

ਹੋਹਿ ਭਹਿ ਜਬਹੀਂ । ਗਿਰੋ ਅਧੋ ਮੁਖ ਭਹਿੰਤੇ ਭਬਹੀਂ ॥ ੧੨ ॥ ਪ੍ਰਿਥਮੈਂ ਪਰੇ ਸੁ ਚੰਦ ਮਝਾਰੇ। ਪੁਨਿ ਹੋਵੈ ਯਹਿ ਰੂਪ ਨਿਹਾਰੇ। ਬਹੁਰੋ ਗਿਰੇ ਸੁ ਧਰ ਕੇ ਮਾਹੀਂ । ਪਰੇ ਸੁ ਗਵ ਥ੍ਰੀ ਹੀ ਕੇ ਮਾਹੀਂ ॥ ੧੩ ॥ ਬਸੇ ਸੁ ਬਹੁਦਿਨ ਨਾਜ ਮਝਾਰੇ ॥ ਬਹੁਰੋ ਹੋਇ ਸੁ ਚਾਰ ਪ੍ਰਕਾਰੇ । ਚਾਰ ਪ੍ਰਕਾਰ ਨਾਜ ਹੈ ਜੋਈ। ਭੋਗੇ ਪੁਰਖ ਜਗਤ ਮੈਂ ਸੋਈ ॥ ੧੪ ॥ ਦੋਹਰਾ ॥ ਰੇਤ ਹੋਇ ਨਰ ਤਨ ਬਿਖੈ ਨਾਰੀ ਰਕਤ ਸੁ ਹੋਇ। ਰਿਤਿ ਵਤ ਨਾਰੀ ਯੋਨ ਮੈਂ ਸੰਚੇ ਜੋ ਨਰ ਸੋਇ॥ ੧੫ ॥ ਚੌਪਈ ॥ ਯੋਨਿ ਰਕਤ ਮੈਂ ਮਿਲੇ ਸੁ ਜਬਹੀਂ । ਜਰਾਯੁ ਲਪੇਟੇ ਤਾਂਕੋ ਤਬਹੀ । ਦਿਨ ਏਕਹਿ ਮਹਿ ਕਲਿਲ ਸੁ ਹੋਈ। ਰੂਢ ਸਰੂਪ ਹੋਇ ਪੁਨਿ ਸੋਈ ॥ ੧੬ ॥ ਪਾਂਚ ਰਾਤ ਮੈਂ ਬੁਦਬੁਦਾ ਕਾਰ । ਹੋਵੈ ਵੀਰਯ ਗਰਭ ਮਝਾਰ । ਦਸ ਦਿਨ ਹੋਵੈ ਮਾਸ ਅਕਾਰਾ। ਲੋਹੂ ਭਰੈ ਸੁ ਪੱਖ ਮਝਾਰਾ ॥ ੧੭ ॥ ਰਾਤਿ ਪਚੀਸ ਜਾਇ ਤਿਨ ਜਬਹੀ। ਅੰਕੁਰਹੋਇ ਸੁ ਭਾਂਤੇ ਭਬਹੀਂ । ਗ੍ਰੀਵਾ ਸਿਰ ਪੁਨਿ ਹੋਇ ਸੁਕੰਧਾ। ਪ੍ਰਿਸ੍ਰ ਵੰਸ ਪੁਨਿ ਉਦਰ ਕਬੰਧਾ ॥ ੧੮ ॥ ਮਾਸ ਬਿਤੀਤ ਹੋਇ ਪੁਨਿ ਜਬਹੀਂ। ਪੰਚ ਪ੍ਰਕਾਰ ਅੰਗ ਭਹਿੰ ਭਬਹੀਂ । ਪਾਨਿ ਪਾਦ ਪਾਰਸ ਕਟਿ ਜਾਂਨ । ਯੁਗਲ ਮਾਸ ਬੀਤੇ ਹੁਇ ਭਾਂਨ ॥ ੧੯॥ ਹੋਇ ਬਤੀਤ ਤੀਨ ਜਬ ਮਾਸ । ਅੰਗਨ ਸੰਧਿ ਸੁ ਹੋਇ ਪ੍ਰਕਾਸ਼ । ਚਾਰ ਮਾਸ ਜਬ ਜਾਹਿੰ ਬਿਲਾਈ। ਭਬ ਅੰਗਲ ਉਪਜੇ ਪਗ ਰਾਈ ॥ ੨੦ ॥ ਨਾਸਾ ਕਰਨ ਨੈਨ ਜੋ ਜੇਤੇ। ਪਾਂਚ ਮਾਸ ਮੈਂ ਹੋਵੈ ਤੇਤੇ । ਦੰਤਪਾਂਤ

ਨਖ ਗੁਦਾ ਪ੍ਰਮਾਨ। ਪੰਚਮ ਮਾਸ ਬਿਖੇ ਯਹਿ ਭਾਨ ॥੨੧॥ ਖਟਿ ਪੁਨਿ ਮਾਸ ਬਤੀਤੇ ਜਬਹੀਂ। ਛਿੱਦਰ ਹੋਹਿੰ ਖਗੇਸਰ ਤਬਹੀਂ। ਹੋਵੈਂ ਕਾਂਨਨ ਵਿਵਰ ਉਦਾਰਾ। ਗੁਦਾ ਉਪਸਥ ਪੁਲਿ ਨਾਭਿ ਆਕਾਰਾ ॥੨੨॥ ਸਪਤਮ ਮਾਸ ਰੁਮਾਵਲ ਕੇਸ। ਅਸ੍ਰਾ ਭਿੰਨ ਅਵੈਵ ਸੁ ਵੇਸ। ਬਧੇ ਗਰਭ ਤਨ ਭੀਤਰ ਸੋਈ। ਨਵਮੈਂ ਮਾਸ ਚੈਤੰਨ ਸੁ ਹੋਈ ॥ ੨੩ ॥ ਦੋਹਰਾ ॥ ਮਾਤ ਖਾਇ ਜਲ ਪਾਨ ਜੋ ਤਾਂਕੋ ਰਸਹਿੰ ਬਿਸਾਲ। ਨਾਭਿ ਨਾਲਿ ਕਰ ਭੋਗਈ ਗਰਭਿ ਮਾਹਿੰ ਵਹਿ ਬਾਲ ॥ ੨੪ ॥ ਸਵੈਯਾ ॥ ਕਰਮ ਅਧੀਨ ਵਧੇ ਉਰ ਮੋਂ ਜਠਰਾਗਨ ਨਾ ਖਗ ਬਾਲਮਰੇ। ਪੂਰਬਲੇ ਜਨਮਾ ਕਰਮਾਂ ਜਠਰੇ ਤਹਿੰ ਮਾਹਿੰ ਸੁ ਯਾਦਕਰੇ ॥ ਯੋਂ ਉਰ ਮਾਹਿੰ ਸੁਬੋਲ ਕਹੈ ਜਠਰਾਗਨ ਨਾ ਤਨ ਤਾਹਿੰ ਜਰੇ। ਜੋਨਿ ਹਜ਼ਾਰ ਸੁ ਮੋਹਿ ਧਰੀ ਦੁਖ ਜੋਨਨ ਮੈ ਬਹੁ ਭਾਂਤਿ ਭਰੇ ॥੨੫॥ਸੁਤ ਦਾਰ ਸੰਬੰਧ ਕਰੋਰ ਭਏ ਪਸੁ ਬੰਧਵ ਨਾਂ ਕਛੁ ਜਾਤਿ ਗਿਨਾਏ। ਸੁ ਕੁਟੰਬ ਭਰੈ ਨਿਸਬਾਸਰ ਮੈਂ ਕਰ ਨੀਤ ਅਨੀਤ ਸੁ ਦ੍ਰੱਬ ਮਿਲਾਏ। ਕ੍ਰਿਤ ਏਹ ਕਰੀ ਭਵ ਭੀਤਰ ਮੈਂ ਸੁਪਨੈਂ ਹੂੰ ਨਹੀਂ ਹਰਿ ਕੇ ਗੁਨਗਾਏ। ਅਬ ਤਾਂ ਫਲ ਦੁਖ ਸੁ ਭੋਗਤ ਹੌਂ ਜਠਰਾਗਿਨ ਸੋਂ ਤਿਨ ਨੀਤ ਤਪਾਏ ॥ ੨੬ ॥ ਖਿਨ ਭੰਗਰ ਦੇਹਿ ਬਿਖੈ ਬਸ ਕੈ ਜਗ ਭੀਤਰ ਮੈਂ ਬਹੁ ਪਾਪ ਕਮਾਏ। ਹਿਤ ਆਤਮ ਕੇ ਨ ਕਰੈ ਕਬਹੀ ਤਿਹ ਤੇ ਇਹ ਭਾਂਤਿ ਸੁ ਮੈ ਦੁਖ ਪਾਏ। ਨਰਕਾਭਿ ਮਹਾਂ ਗਰਭਾ-ਗਨਿ ਤੇ ਨਿਕਸੋਂ ਕਬ ਯੋਂ ਮੁਖਿ ਮਾਹਿੰ ਅਲਾਏ॥ ਅਬਤੇ ਉ

ਪਰੀਤ ਨ ਭੋਗ ਭਜੋਂ ਹਰਿ ਪੂਜਨ ਕੈ ਰਹੋਂ ਸੀਸ ਨਿਵਾਏ ॥ ੨੭ ॥ ਗੀਯਾਮਾਲਤੀਛੰਦ । ਇਹ ਭਾਂਤਿ ਕੀਨ ਕਰਾਰ ਤਹਿੰ ਪੁਨਿ ਜਨਮ ਔਸਰ ਆਇਓ । ਯੋਨ ਜੰਤ੍ਰ ਪਰਪੀੜ ਯੌਂ ਬਹੁ ਭਾਂਤਿ ਤਹਿੰ ਦੁਖ ਪਾਇਯੋ ॥ ਇਹ ਭਾਂਤਿ ਦੂਖ ਸੁ ਭੋਗ ਨਿਕਸਜੋ ਨਰਕ ਤੇ ਜਿਮ ਪਾਤਿਕੀ । ਜਨ ਪੂਤ ਬ੍ਰਣਤੇ ਕੀਟ ਗਿਰਿਯੋ ਸਾਰ ਨਾਂ ਕਛੁ ਆਪਕੀ ॥ ੨੮ ॥ ਚੌਪਈ ॥ ਤਾਂ ਉਪਰੰਤ ਦੂਖ ਬਹੁ ਭਾਰੀ । ਤੋਹਿ ਸੁ ਬਾਲਕ ਦੇਹਿ ਮ ਝਾਰੀ । ਯੋਬਨ ਮੈਂ ਦੁਖ ਆਹਿਸੁ ਜੇਤੇ । ਅਨਭਵ ਕਰੋ ਸਗਲ ਜਨ ਤੇਤੇ ॥ ੨੯ ॥ ਤੇ ਖਗਵਰਿ ਸਭਿ ਆਪਿ ਨਿਹਾਰੇ । ਯਾਤੇ ਮੈਂ ਨਹੀਂ ਕੀਨ ਉਚਾਰੇ । ਇਹੀ ਭਾਂਤਿ ਤਨਮੈ ਹੰਗ ਹੋ । ਕਰ ਅਧਜਾਸ ਨਰਕ ਦੁਖ ਲਹੇ ॥ ੩੦ ॥ ਗਰਭ ਵਾਸ ਲੌ ਦੁੱਖ ਅਸੇਸ । ਅਭਿ ਨਿਵੇਸ ਤੇ ਹੋਇ ਖਗੇਸ । ਭਾਂਤੇ ਤਨੁ ਦੋਨੋਂ ਤੇ ਨਜਾਰੇ । ਆਤਮ ਕੋ ਉਰ ਅੰਤਰ ਧਾਰੇ ॥ ੩੧ ॥ ਪਰ ਪੱਕ ਕਰੇ ਭਿਨ ਕੋ ਉਰ ਮਾਨ । ਭਜਾਗੇ ਦੇਹਾਦਿਕ ਅਭਿਮਾਨ ॥ ਆਤਮ ਗਜਾਨ ਵਾਨ ਜਗ ਜੋਈ ।ਜਾਗਰਦਾਦਿ ਭਜੇ ਜਨ ਸੋਈ ॥ ੩੨ ॥ ਸੱਤਿ ਗਯਾਨ ਪੁਨਿ ਸੁੱਧ ਸਰੂਪ । ਬੁਧਿ ਸ਼ਾਂਤਿ ਘਨ ਆਨੰਦ ਰੂਪ । ਚਿਤ ਸਰੂਪ ਆਤਮ ਯੋ ਜਾਨੈ । ਮੋਹਿ ਅਗਜਾਨ ਹੋਇ ਸਭ ਹਾਨੈ ॥ ੩੩ ॥ ਦੇਹ ਰਹੋ ਅਥਵਾ ਪੁਨਿ ਜਾਈ । ਯੋਗੀ ਕੋ ਦੁਖ ਹੋਇ ਨ ਰਾਈ । ਸੁਖਦੁਖ ਪਰਾਰਬਧ ਆਧੀਨਾ । ਯੋਗੀ ਭਯੋ ਪਰਮ ਪਦ ਲੀਨਾ ॥ ੩੪ ॥ ਭਾਂਤੇ ਪਰਾਰਬਧਿ ਹੈ ਜੌਲੌ । ਦੇਹਿ ਸਹਿਤ ਖਗ ਰਹੋ ਸੁ ਤੌਲੌ ॥

। ਸੁਖ ਸੋਤੀ ਧੀਰਜ ਉਰ ਧਾਰੋ। ਸਰਪ ਕੁੰਚ ਸਮ ਦੇਹ ਨਿ-
ਹਾਰੋ॥ ੩੫ ॥ ਕਛੁ ਔਰ ਕਹੋ ਸੁਨੀਯੋ ਖਗ ਸੋਈ। ਜਾਮੈਂ
ਤੇਰੋ ਅਤਿ ਹਿਤ ਹੋਈ। ਤ੍ਰੇਤਾ ਯੁਗ ਮੈਂ ਆਪ ਨਰਾਇਨ॥
ਆਵੈਗੋ ਦਸਰਥ ਕੇ ਆਇਨ॥ ੩੬ ॥ ਦਾਸਰਥੀ ਵਹਿ ਰਾਮ
ਕਹਾਵੈ। ਰਾਵਣ ਕੇ ਬਧ ਹਿਤ ਬਨ ਆਵੈ। ਸੀਤਾ ਨਾਮ
ਨਾਰਿ ਲੈ ਸਾਥ। ਲਖਮਣ ਭ੍ਰਾਤ ਸਹਿਤ ਰਘੁਨਾਥ॥ ੩੭ ॥
ਭ੍ਰਾਤਿ ਜਾਹਿੰਗੇ ਵਿਪਨ ਮਝਾਰੀ। ਆਸ੍ਰਮ ਰਹਿਸੀ ਜਨਕ
ਕੁਮਾਰੀ। ਤਸਕਰ ਜਿਉਂ ਰਾਵਣ ਤਿਹ ਠਾਂਇ। ਲੰਕਾ ਮੈਂ
ਰਾਖੈਗੋ ਜਾਇ ॥੩੮॥ ਕਪਿ ਸੁਗ੍ਰੀਵ ਕੀ ਆਇਸ ਮਾਨੀਂ।
ਢੂੰਢੇਂਗੇ ਤਬ ਕਪਿ ਬਲਵਾਨੀਂ। ਆਵਹਿੰਗੇ ਵਹਿ ਜਲਧ
ਕਨਾਰੇ। ਕਾਰਨ ਵਸ ਵਹਿ ਮਿਲੈ ਤਿਹਾਰੇ॥ ੩੯ ॥ ਤਬ
ਸੀਤਾ ਕੀ ਇਸਥਿਤ ਜੋਈ। ਤੁਹੁ ਭਾਖੀਂ ਜੈਸੇ ਪੁਨਿ ਹੋਈ।
ਤਬ ਤੇਰੇ ਨੂਤਨ ਪਰ ਛੋਈ। ਪੁਨਿ ਉਪਜੈ ਸੰਸੈ ਨਹਿ ਕੋਈ
॥੪੦॥ਸੰਪਾਤੀਵਾਚ॥ ਸਵੈਯਾ॥ ਚੰਦ੍ਰ ਮੁਨੀਸਰ ਮੋਹਿ ਸੰਛੇਧ
ਕਰਜੋ ਇਸ ਭਾਂਤਿ ਦਯਾ ਉਰਧਾਰੀ। ਕੋਮਲ ਮੇ ਪਰ ਏਹ
ਨਵੀਨ ਭਏ ਤੁਮ ਥਾਨਰ ਲੇਹੁ ਨਿਹਾਰੀ। ਜਾਵਤ ਮੈ ਕਲਯਾਨ
ਤੁਮੈ ਕਹੋਂ ਸਾਚੁ ਪਿਖੋ ਸੁ ਵਿਦੇਹ ਕੁਮਾਰੀ। ਬੈਠ ਬਿਚਾਰ ਕਰੋ
ਸਗਲੇ ਜਿਹ ਭਾਂਤਿ ਪਰੈ ਤੁਮ ਸਾਗਰ ਪਾਰੀ॥ ੪੧॥ ਜਿਹ
ਨਾਮ ਭਜੇ ਜਗ ਸਿੰਧਤਰੇ ਖਲ ਪਾਵਤ ਹੈਂ ਪਦ ਰਾਮ ਮੁਰਾਰੇ।
ਤੁਮ ਤਾਂ ਜਗਨਾਥ ਕੇ ਦੂਤ ਭਏ ਅਤਿ ਸੇਵਕ ਲਾਮਕੇ ਨੀਤ
ਪਿਯਾਰੇ। ਤੁਮ ਕਿਉਂ ਬਲ ਧਾਰਤ ਨਾਂ ਭਨਮੈ ਲਘੁ ਨੀਰਧ

ਕੋ ਨਹਿੰ ਪਾਵਹਿ ਪਾਰੇ। ਇਹ ਭਾਂਤਿ ਬਖਾਨ ਗਏ ਨਭ ਮੈਂ ਜਨਕਾ ਤਨਜਾ ਸਗਲੀ ਕਹਿ ਸਾਰੇ॥ ੪੨ ॥ ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਕਿਸ ਕਿੰਧਾ ਕਾਂਡੇ ਅਸ੍ਰਮੋ ਧਮਾਇ॥ ੯ ॥

ਸ੍ਰੀ ਮਹਾਂਦੇਵ ਉਵਾਚ ॥ ਸਵੈਯਾ ॥

ਖਗਰਾਜ ਗਏ ਨਭਿ ਮੰਡਲ ਮੈਂ ਹਰਖੇ ਕਪਿ ਪੁੰਗਵ ਤੋ ਮਨਮਾਹੀਂ। ਉਤਸਾਹੁ ਬਢਜੋ ਸੀਯ ਦੇਖਨ ਕੋ ਤਦਿ ਨੀਰਧ ਬੋਲ ਉਠੇ ਮੁਖ ਮਾਹੀਂ। ਇਖ ਮੀਨਤਿ ਮੰਗਲ ਪੂਰ ਰਹਜੋ ਜਿਹ ਪੇਖਤ ਜੀਵ ਭਰੇ ਤਨ ਮਾਹੀਂ। ਜਨੁ ਆਹਿ ਅਕਾਸ਼ ਗੰਭੀਰ ਬਡੋ ਕਪਿ ਪੈਂਠ ਸਕੈ ਨਹਿ ਕੋ ਤਿਨ ਮਾਹੀਂ ॥ ੧ ॥ ਆਪਸ ਮੈਂ ਕਪਿ ਦੇਖ ਤਬੈ ਕਿਹ ਭਾਂਤਿਤਰੇ ਮੁਖ ਕੀਨ ਉਚਾਰੇ। ਅੰਗਦ ਬੋਲਿਉਠੇ ਤਬਹੀਂ ਕਪਿ ਆਜ ਸੁਨੋ ਤੁਮ ਵਾਕ ਹਮਾਰੇ। ਹੋ ਬਲਿਵੰਤ ਸਭੈ ਕਪਿਬੀਰ ਮਹਾਂ ਕ੍ਰਿਤ ਵਿਕ੍ਰਮ ਆਹਿ ਤੁਮਾਰੇ। ਕੌਨ ਕਰੈ ਰਘੁਬੀਰ ਕੇ ਕਾਰਧ ਜਾਇ ਉਲੰਘ ਸੁ ਸਾਗਰ ਪਾਰੇ॥ ੨ ॥ ਸੰਕਰਛੰਦ ॥ ਸੁਗ੍ਰੀਵ ਆਇਸ ਪਾਇਕੈ ਇਨ ਬਾਨਰਾਂ ਦੈ ਪ੍ਰਾਣ। ਅਮ ਉਠ ਆਗੇ ਹੋਇ ਠਾਂਢੇ ਜੋ ਅਹੇ ਬਲਿਵਾਨ। ਬਾਨਰਾਂਕੇ ਪ੍ਰਾਣ ਰਾਖੇਰਾਮ ਕਪਿ ਸਿਰਦਾਰ। ਵਹਿ ਹੋਇ ਪਾਲਕ ਸਰਬ ਕੋ ਨਹਿ ਯਾਹਿ ਬੀਚ ਬਿਚਾਰ ॥ ੩ ॥ ਇਹ ਭਾਂਤਿ ਅੰਗਦ ਬੋਲਿ ਸੁਨ ਕਪਿ ਰਹੇ ਮੌਨਿ ਸੁ ਹੋਇ। ਮੁਖ ਹੇਰ ਹੈਂ ਤੇ ਪਰਸ ਪਰ ਨਹਿੰ ਬੋਲਿ ਹੈ ਕਪਿ ਕੋਇ।

ਫੇਰ ਅੰਗਦ ਬੋਲਿਓ ਦੈ ਬਾਨਰਾਂ ਸਨਮਾਨ। ਸੁਗ੍ਰੀਵ ਕਾਰਯ ਸਿਧ ਹਿਤ ਬਲ ਕਰੋ ਮੋਹਿ ਬਖਾਨ ॥ ੪ ॥ ਕੌਨ ਕਾਰਯ ਕਰੇਂਗੇ ਹਮ ਲੇਹ ਆਪ ਪਛਾਨ। ਯੁਵ ਰਾਜਕੇ ਯਹਿ ਵਾਕ ਸੁਨ ਬਲ ਲਗੇ ਕਰਨ ਬਖਾਨ । ਦਸ ਬੀਸ ਔ ਪੁਨਿ ਤੀਸ ਚਾਲੀ ਕਹੇ ਏਕ ਪਚਾਸ। ਸਾਠ ਸੱਤਰ ਯੋਜਨਾਂ ਪੁਨਿ ਕਰੇਂ ਏਕ ਪ੍ਰਕਾਸ਼ ॥੫॥ ਅੱਸੀ ਤਾਂ ਨੱਬੇ ਜੋਜਨਾ ਕਪਿ ਕਹਜੋ ਨਿਜ ਬਲ ਸਾਰ। ਸੁਨਿ ਜਾਂਮਵਾਨ ਬਲੋਕ ਨਾਇਕ ਕੀਨ ਏਹ ਉਚਾਰ। ਸੋ ਯੋਜਨਾ ਤੇ ਨੂੰਨ ਮੈਂ ਕਛੁ ਜਾਉਂ ਬਾਨਰ ਛਾਲ। ਜਬ ਭਏ ਪੁਰਬ ਵਾਮਨਾ ਤਬ ਕਰੇ ਕਰਮ ਬਿਸਾਲ ॥ ੬ ॥ ਬਲਿ ਭੂਮਿ ਮਾਪੀ ਪਾਦ ਤ੍ਰੈ ਖਿਨ ਰਹੇ ਹਰਿਠਹਿਰਾਇ। ਇੱਕੀਸ ਵਾਰ ਸੁ ਭੂਮਿ ਫਿਰ ਮੈਂ ਦਈ ਛਿਛਿਤ ਵਾਇ। ਅਬ ਭਯੋ ਬੁਢੋ ਸ਼ਕਤਿ ਨਹਿੰ ਕਿਹ ਭਾਂਤਿ ਲਾਂਘੋਂ ਵਾਰ। ਅੰਗਦ ਬਖਾਨਜੋ ਬਹੁਰ ਦਲ ਮੈਂ ਜਾਉਂ ਜਲ ਨਿਧ ਪਾਰ ॥੭॥ ਫਿਰ ਆਵਨੇ ਕੀ ਸ਼ਕਤਿ ਹੋਇ ਨ ਹੋਇ ਗਤਿ ਕਰਤਾਰ। ਸੁਨਿ ਬਾਤ ਤਾਕੀ ਜਾਂਬਵਾਂਨ ਸੁ ਆਪ ਕੀਨ ਉਚਾਰ। ਯਦਪ ਸਮਰਥ ਸੁ ਤੂੰ ਅਹੇ ਤਵ ਭੇਜਨੋ ਨਹਿ ਸਾਰ। ਬਲਿਵਾਨ ਸੁੰਦਰ ਬਾਲੀ ਕੋ ਸੁਤ ਸੈਨ ਔ ਸਿਰਦਾਰ ॥ ੮ ॥ ਅੰਗਦੋ ਵਾਚ ॥ ਸ਼ੰਕਰ ਛੰਦ ॥ ਜੇ ਭੇਜਨੋ ਨਹਿੰ ਮੋਹਿਕੋ ਪੁਨਿ ਲੇਹੁ ਦਰਭ ਬਿਛਾਇ। ਨਹਿੰ ਕਾਜ ਕੀਨੋ ਕਿਨੈ ਜੀਵਨ ਤਜੇ ਪ੍ਰਾਨ ਚਢਾਇ। ਜਾਂਬਵਾਨ ਬਖਾਨਿਓ ਸੁਤ ਦੇਂਉ ਤੋਹਿ ਦਿਖਾਇ। ਜੋ ਕਰੇ ਕਾਰਯ ਆਪਨੋ ਬਲਿ ਦੇਹਿ ਤਾਹਿ ਪਠਾਇ ॥ ੯ ॥ ਇਹ ਭਾਂਤਿ ਭਾਖ

ਭਲੂਖ ਪਤਿ ਸੁ ਬੁਲਾਇਓ ਹਨੂਮਾਨ। ਸੁਤਿ ਕਿਉਂ ਸੁ ਮੋਨੀ ਤੂੰ ਭਯੋ ਯਹਿ ਆਹਿ ਕਾਜ ਮਹਾਨ । ਅਗਿ ਜਿਉਂ ਨਹਿ ਮੌਨਿ ਧਾਰੋ ਬਲਿ ਦਿਖਾਵਹੁ ਆਪ। ਬਲਵੰਤ ਵਾਯੁ ਕੁਮਾਰ ਪੁਨਿ ਵਾਯੁ ਸਮ ਪਰਤਾਪ ॥ ੧੦ ॥ ਰਾਮ ਕਾਰਯ ਹੇਤ ਉਪਜਿਓ ਮਹਾਂ ਤੁਮ ਬੀਰ। ਜਨਮ ਕਾਲ ਨਿਹਾਰਿਓ ਰਵਿ ਉਦੇ ਜਿਉਂ ਮੁਖ ਕੀਰ। ਫਲ ਪੱਕ ਜਾਨ ਸੁ ਖਾਂਨ ਹਿਤ ਤੂੰ ਗਯੋ ਗਗਨ ਮਝਾਰ। ਅਤਿ ਬਾਲ ਜੋਜਨ ਪਾਂਚ ਸੈ ਪੁਨਿ ਗਿਰਜੋ ਤੂੰ ਧਰ ਭਾਰ ॥ ੧੧ ॥ ਤੁਹਿ ਦੇਹਿ ਕੋ ਬਲਿ ਕੌਨ ਭਾਖੈ ਬਰਨਿਓ ਨਹਿ ਜਾਇ। ਉਰ ਰਾਮ ਕਾਰਜ ਕੀਜੀਏ ਹਮ ਲੇਹੁ ਆਜ ਬਰਾਇ। ਜਾਂਬਵੰਤਿ ਕੇ ਵਾਕ ਸੁਨਿ ਹਨੂਮਾਂਨ ਹਰਖ ਅਖੰਡ। ਸਿੰਘ ਨਾਦ ਸੁ ਕੀਨ ਇਮ ਜਨੁ ਫੋੜ ਹੈ ਬ੍ਰਹਮੰਡ ॥੧੨॥ ਗਿਰਕੇ ਸਮਾਨ ਸੁ ਹੋ ਗਓ ਜਨੁ ਬਢੀ ਬਾਵਨ ਦੇਹ। ਹਨੂਮਾਨ ਬੋਲੇ ਬਾਨਰੋ ਤੁਮ ਸੁਨੋ ਮੇ ਬਚ ਏਹ। ਮੈਂ ਲੰਘ ਜਲਨਿਧ ਪਾਰ ਲੰਕਾ ਭਸਮ ਛਾਰ ਉਡਾਇ। ਲੈ ਆਉਂ ਸੀਤਾ ਰਾਮ ਕੀ ਕੁਲ ਸੰਗ ਰਾਵਣ ਘਾਇ ॥ ੧੩ ॥ ਕੈ ਬਾਂਧਿ ਰਾਵਣ ਜੇਵਰੀ ਗਲਿ ਧਾਰ ਬਾਵੇਂ ਹਾਥ । ਗਿਰ ਸੈਹਤ ਪੁਰੀ ਉਠਾਇਕੈ ਭਹਿੰ ਧਰੋਂ ਜਹਿੰ ਰਘੁਨਾਥ। ਕੈ ਦੇਖ ਆਵੋਂ ਜਾਨਕੀ ਜਿਹ ਹੇਤ ਭੇਜੇ ਰਾਮ। ਸੁਨਿ ਵਾਕ ਬੋਲੇ ਰਿਛ ਪਤਿ ਤੁਮ ਚਲੋ ਏਹੀ ਕਾਮ ॥੧੪॥ਦੇਖ ਆਵੋ ਜਾਨਕੀ ਕਲਿ ਆਜ ਤੇਰੀ ਆਹਿ । ਵਹਿ ਜੀਵਤੀ ਹੈ ਲੋਕ ਮੈ ਕੈ ਜੀਵਤੀਹੈ ਨਾਹਿ। ਪੁਨਿ ਰਾਮ ਸੋਂ ਮਿਲ ਬੁਝਾਕੋ ਬਲ ਕੀਜੀਏ ਰਣਬੀਰ

॥ ਜਾਹਿ ਤੇ ਕਲਜਾਨ ਪੈਖੈਂ ਬੇਗ ਪੂਤ ਸਮੀਰ ॥ ੨੫ ॥ਰਾਮ ਕਾਰਜ ਹੇਤ ਜਾਤੇ ਵਾਯੁ ਪੀਛੇ ਹੋਇ। ਅਸੀਸਦੈ ਕਪਿ ਮੋਰ ਭੇਜਸੋ ਬਿਘਨ ਹੋਇ ਨ ਕੋਇ। ਮਹੇਂਦ੍ਰ ਗਿਰ ਕੈ ਸੀਸ ਚਢ ਕਪਿ ਭਯੋ ਅਦਭੁਤ ਰੂਪ। ਨਗਿੰਦ੍ਰ ਸੋ ਤਨ ਸੋਭਈ ਪੁਨਿ ਹੇਮ ਵਰਨ ਅਨੂਪ ॥ ੨੬ ॥ ਮੁਖਲਾਲ ਜਜੋਂ ਫਲ ਬਿੰਬ ਕੋ ਭੁਜ ਪ੍ਰਾਸ ਜਜੋਂ ਅਹਿ ਸ਼ੇਸ਼। ਇਹ ਭਾਂਤਿ ਭਯੋ ਸੁ ਵਾਯੁ ਸੁਤ ਤਿਹ ਪਿਖੇ ਭੂਤ ਅਸੇਸ ॥ ਉਮਾ ਸੀਤਾ ਸਾਰ ਹਿਤ ਕਪਿ ਭਏ ਰੂਪ ਬਿਸਾਲ। ਗਿਰਜਾਭੂ ਏ ਜਸ ਤਿਲਕਤਾਂ ਖਿਣ ਅੰਜਨੀ ਕੇ ਬਾਲ ॥ ੨੭ ॥ ਚੌਪਈ ॥ ਕਿਸਕਿੰਧਾ ਕਾਂਡ ਕਥਾ ਥੀ ਜੋਈ। ਕਹੀ ਗੁਲਾਬਸਿੰਘ ਸਭ ਸੋਈ ॥ ਯਾਕੋ ਪਢੈ ਸੁ ਪ੍ਰੇਮ ਲਗਾਇ। ਰਾਮ ਭਗਤਿ ਉਪਜੇ ਉਰ ਆਇ ॥ ੨੮ ॥ ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਕਿਸਕਿੰਧਾ ਕਾਂਡੇ ਨਵਮੋ ਧਿਆਇ ਸੰਪੂਰਣੰ ॥ ੯ ॥

॥ ਅਥ ਸੁੰਦਰ ਕਾਂਡ ਲਿਖਯਤੇ ॥

॥ ਦੋਹਰਾ ॥

ਸੀਤਾ ਸੋਧੀ ਲੰਕਮੇਂ ਰਾਵਣ ਨਗਰ ਜਰਾਇ। ਜਾਹਿਸੁਨਾਯੋਆ ਇ ਹਰਿ ਤਾਹਿ ਨਮੋਂ ਰਘੁਰਾਇ ॥੧॥ਸਵੈਯਾ॥ਮਕਰਾ ਉਰਗਾ ਜਿਹਮਾਹਿ ਘਨੇ ਸਤਯੋਜਨ ਹੈ ਜਿਨ ਕੋ ਬਿਸਥਾਰਾ। ਜਲ ਸਾਗਰ ਲਾਂਘਨ ਚਾਹਤ ਹੈ ਗਿਰਜਾ ਕਪਿ ਮਾਹਿੰਸੁਵਾਯੁ ਕੁਮਾਰਾ। ਰਘੁਬੀਰਕੋ ਧਯਾਨ ਧਰਜੋ ਉਰਮੈਂ ਹਨੁਮਾਨ ਤਬੈ ਇਹ ਵਾਕ

ਉਚਾਰਾ। ਸਭ ਬਾਨਰ ਨੈਨਨ ਆਜੁ ਪਿਖੇ ਨਭਿ ਭੀਤਰਿ ਬੇ
ਗ ਸੁ ਗੌਣ ਹਮਾਰਾ॥੨॥ਕਬਿੱਤ॥ ਅਮੋਘ ਬਾਨਕੇ ਸਮਾਨ ਜਾ
ਉਂਮੈ ਗਗਨ ਮੈਂ ਸੁ ਚਾਹਿਮਨ ਐਸੀ ਸੀਯ ਅਬਹੀ ਨਿਹਾਰੀਏ।
ਹੋਵਗੁ ਕ੍ਰਿਤਾਰਥ ਸੁ ਪੇਖ ਪਦ ਸੀਯ ਪੁਨ ਕਰੋਂ ਕਾਜ ਬੇਗ ਨਹਿੰ
ਢੀਲ ਸੁ ਉਚਾਰੀਏ। ਪ੍ਰਾਣ ਅੰਤ ਨਾਮ ਇਕ ਬਾਰਹੀ ਉਚਾਰੇ
ਗਿਨ ਤਰੇ ਨਰ ਨਾਰਿ ਭਵ ਸਾਗਰ ਅਪਾਰੀਏ। ਤਿਨਹੀ ਕੋ
ਦੂਤ ਅਮ ਮੁੰਦਰੀ ਉਤਾਰ ਦਈ ਰਾਮ ਉਰ ਧਾਰਿ ਕਿਉ ਨ
ਤਰੋ ਭਵ ਵਾਰੀਏ॥੩॥ ਸਵੈਯਾ॥ ਇਹ ਭਾਂਤਿ ਬਖਾਨ ਤਬੈ
ਹਨੁਮਾਨ ਪਸਾਰ ਭੁਜਾ ਅਤਿ ਪੂੰਛ ਬਢਾਈ। ਰਿਜੁ ਕੰਧਰ
ਡੀਠ ਅਕਾਸ਼ ਧਰੀ ਪਦ ਆਪਸ ਮੈਂ ਯੁਗ ਲੀਨ ਮਿਲਾਈ॥
ਦਿਸ ਦੱਛਨ ਕੂਦ ਅਕਾਸ਼ ਚਵੈ ਬਲ ਵਾਯੁ ਸਮਾਨ ਭਯੋ
ਅਧਿਕਾਈ। ਗਤਿ ਦੇਵ ਨਿਹਾਰ ਭਏ ਬਿਸਮੈਂ ਕਪਿ ਕੁੰਜਰ
ਕੀ ਗਣਿ ਨਾਇਕ ਮਾਈ॥੪॥ ਜਬ ਜਾਵਤ ਵਾਯੁ ਸਮਾਨ
ਪਿਖੇ ਕਪਿ ਦੇਵਨ ਤੇ ਮਨ ਏਹ ਬਿਚਾਰੀ। ਮਤਿ ਯਾਹਿ
ਪਰੀਖਣ ਆਜ ਕਰੋਂ ਸੁਰ ਮੰਡਲ ਯੌਂ ਮੁਖਿ ਮਾਹਿੰ ਉਚਾਰੀ
। ਬਲਵੰਤ ਮਹਾਂ ਕਪਿ ਜਾਵਤਿਏ ਸੁ ਸਦਾ ਗਤਿ ਕੇ ਸਮਹੈ
ਬਲਕਾਰੀ। ਗਢ ਲੰਕ ਪ੍ਰਵੇਸ਼ ਕੇ ਲਾਇਕ ਹੈ ਕਿ ਨਹੀਂ
ਇਹ ਜਾਨਨ ਚਾਹਿ ਹਮਾਰੀ॥੫॥ ਇਹ ਭਾਂਤਿ ਬਿਚਾਰ ਸੁ
ਨਾਗਨ ਕੀ ਜਨਨੀ ਸੁਰਸਾ ਜਿਹਭਾਖਤ ਨਾਮਾ। ਸੁਰਕੌਤਕ
ਵੰਤ ਕਹਯੋ ਤਿਨਕੋ ਸੁਨਿ ਮਾਤ ਕਰੋ ਤੁਮ ਏਹੁ ਸੁ ਕਾਮਾਂ।
ਬਿਘਨਾਂ ਕਰੀਏ ਪਥਿ ਜਾਇ ਅਬੈ ਕਪਿ ਜਾਵਤ ਏਹੁ ਹਨੂਮਤ

ਨਾਂਮਾ । ਬਲ ਬੁੱਧਿ ਨਿਹਾਰ ਸੁ ਯਾ ਕਪਿ ਕੀ ਫਿਰ ਆਹੁ ਤੁਰਾ ਕਰ ਆਪਨ ਧਾਮਾ ॥ ੬ ॥ ਸ਼ਿਕਰ ਛੰਦ ॥ ਇਹ ਵਾਕ ਸੁਨਿ ਕੈ ਬੇਗ ਦਉਰੀ ਬਿਘਨ ਹਿਤ ਹਨੁਮਾਨ। ਰੋਕਿ ਮਾਰਗ ਕੀਸ ਕੋ ਮੁਖ ਏਹ ਕੀਨ ਬਖਾਨ। ਮਤਿਵੰਤ ਤੂੰ ਮੁਖਿ ਮਾਹਿੰ ਮੇਰੇ ਪਰੇ ਭਾਖੋਂ ਤੋਹਿ। ਦੇਵਤਾ ਰਚ ਭੱਖ ਦੀਨੋ ਖੁਧਾ ਲਾਗੀ ਮੋਹਿ ॥ ੭ ॥ ਹਨੁਮਾਨ ਭਾਖਜੋ ਮਾਤ ਮੈ ਅਬ ਰਾਮ ਕਾਰਯ ਜਾਉਂ । ਜਾਨਕੀ ਕੀ ਸਾਰ ਲੋ ਗਢ ਲੰਕ ਤੇ ਪੁਨਿ ਲਜਾਉਂ । ਸੀਯ ਕੁਸਲ ਰਾਮ ਬਖਾਨ ਕੈ ਸਭ ਸਾਰ ਤਾਹਿੰ ਸੁਨਾਇ। ਪਦ ਬੰਦਨਾਂ ਅਭ ਭਾਖ ਹੌ ਫਿਰ ਪਰੌਂਗੋ ਮੁਖ ਆਇ ॥ ੮ ॥ ਸੁਰਸਾਸ ਸੁਨਿਕੈ ਵਾਕ ਯੌ ਪੁਨਿ ਕੀਨ ਆਪ ਬਖਾਨ। ਕਹਿ ਜਾਹਿ ਤੂੰ ਕਰ ਬੰਦਨਾਂ ਮਮ ਆਹਿ ਭੂਖ ਮਹਾਂਨ । ਪ੍ਰਵੇਸ਼ ਕਰ ਮੁਖ ਜਾਹਿ ਤੂੰ ਨਹਿੰ ਖਾਉਂਗੀ ਬਲਧਾਰ । ਸੁਨਿਬੋਲਿਯੋ ਹਨੁਮਾਨ ਮਾਤ ਸੁ ਲੇਹੁ ਬਦਨ ਪਸਾਰ ॥ ੯ ॥ ਪ੍ਰਵੇਸ਼ ਮੁਖਕੇ ਮਾਹਿ ਕਰ ਮੈਂ ਜਾਉ ਕਾਂਨ ਮਹਾਂਨ । ਇਮ ਭਾਖ ਜੋਜਨ ਦੋਇ ਕੋ ਤਨ ਕੀਨ ਤਬ ਹਨੂਮਾਨ । ਸੁਰਸਾਸ ਯੋਜਨ ਪੰਚਕੋ ਮੁ ਬਕੀਨ ਹਨੁਮਤ ਪੇਖ। ਦਸ ਯੋਜਨਾਂ ਹਨੁਮਾਨ ਰੂਪ ਸੁ ਕਰਜੋ ਆਪ ਬਿਸੇਖ ॥ ੧੦ ॥ ਮੁਖ ਬੀਸ ਯੋਜਨ ਕੇ ਕਰੇ ਸੁਰ ਸਾਸੁ ਨਾਗਨ ਮਾਤ । ਤੀਸ ਯੋਜਨ ਕੇ ਭਏ ਹਨੁਮਾਨ ਤਬ ਬਿ ਖਿਆਤ । ਪੰਚਾਸ ਯੋਜਨ ਕੇ ਜਬੈ ਸੁਰਸਾਸ ਮੁਖ ਬਿਸਤਾਰ। ਹਨੁਮਾਨ ਤਬ ਪੁਨਿ ਹੋਇਯੋ ਅੰਗੁਸ਼ੂ ਸੇ ਆਕਾਰ ॥ ੧੧ ॥ ਪ੍ਰਵੇਸ ਕਰ ਮੁਖ ਨਿਕਸਿਯੋ ਪੁਨਿ ਖੜੋ ਆਗੇ ਆਇ । ਪ੍ਰਵੇਸ਼

ਕਰ ਮੁਖ ਨਿਕਸਿਓ ਤਵ ਮਾਤ ਲਾਗੋਂ ਪਾਇ। ਇਹ ਭਾਂਤਿ ਭਾਖਤ ਵਾਯੁ ਸੁਤ ਪਿਖ ਤਾਹਿ ਕੀਨ ਉਚਾਰ। ਜਾਹਿੰ ਰਾਮ ਸੁ ਕਾਜ ਕਰਤੇ ਆਹਿ ਬੁਧਿ ਉਦਾਰ॥ ੪੨ ॥ ਦੇਵਤਾਨੈ ਮੈਂ ਪਠੀ ਤਵ ਜੋਰ ਜਾਨਣ ਕਾਜ। ਜਾਹਿੰ ਸੀਯ ਨਿਹਾਰਿਕੈ ਪੁਨਿ ਦੇਖਿ ਹੈਂ ਰਘੁਰਾਜ। ਗਈ ਦੇਵ ਸੁ ਲੋਕ ਮੈਂ ਇਮ ਭਾਖ ਨਾ ਗਨ ਮਾਤ। ਹਨੂਮਾਨ ਖਗੇਸ਼ ਜਿਉਂ ਪੁਨਿ ਗਇਓ ਮਾਰਗ ਵਾਤ॥ ੧੩॥ ਮੈਨਾਕ ਪਰਬਤ ਕਾਂਚ ਨੈ ਪੁਨਿ ਕੀਨ ਜਲਧ ਉਚਾਰ। ਜਾਤ ਹੈ ਬਲਵੰਤ ਏਹ ਸੁ ਪੇਖ ਪੌਣ ਕੁਮਾਰ। ਰਾਮ ਕਾਰਯ ਹੋਤ ਜਾਵੈ ਕਰੋ ਤਾਹਿੰ ਸਹਾਇ। ਸਗਰ ਪੁਤਨ ਮੈ ਜੁ ਬਾਂਧਜੋ ਨਾਮ ਸਾਗਰ ਪਾਇ॥ ੧੪ ॥ ਭਏ ਤਿਨਕੇ ਵੰਸ ਮੈਂ ਯਹਿ ਰਾਮ ਦਸਰਥ ਪੂਤ। ਤਿਨ ਕਾਜ ਹਿਤ ਹਨੁਮਾਨ ਜਾਵੈ ਬਲੀ ਜਜੋਂ ਪੁਰਹੂਤ। ਅਬ ਬੇਗ ਜਲ ਤੇ ਊਠੀਯੇ ਵਿਸ੍ਰਾਮ ਕਰੀਯਹਿ ਜਾਇ॥ ਜਲ ਮਧ ਤੇ ਨਗ ਨਿਕਸਿਓ ਬਹੁਸਿਖਰ ਰੂਪ ਬਨਾਇ॥ ੪੫ ॥ ਮਣ ਸ੍ਰਿੰਗ ਸੋਭੇ ਤਾਹਿ ਕੇ ਪੁਨਿ ਆਪ ਧਾਰ ਅਕਾਰ। ਮੈਨਾਕ ਤਬ ਹਨੁਮਾਨ ਕੋ ਮੁਖ ਏਹ ਕੀਨ ਉਚਾਰ। ਸਮੁੰਦ੍ਰ ਮੋਕੋ ਭਾਖਿਓ ਕਪਿ ਤੋ ਵਿਸ੍ਰਾਮ ਸੁ ਕਾਜ। ਸੁਧਾ ਸੋ ਫਲ ਪਾਕਿਯਾ ਤੁਮ ਖਾਇ ਜਾਵੋ ਆਜ। ੧੬ ॥ ਵਿਸ੍ਰਾਮ ਖਿਣਕ ਸੁ ਕੀਜੀਓ ਪੁਨਿ ਜਾਹਿੰ ਸਿਖਰ ਪਧਾਰ। ਹਨੁਮਾਨ ਸੁਨਿਕ ਵਾਕ ਤਾਕੈ ਏਹੁ ਕੀਨਉਚਾਰ॥ ਕਿਹ ਭਾਂਤਿ ਭੋਜਨਮੈ ਕਰੌ ਨਗ ਜਾਉ ਰਾਮ ਕੇ ਕਾਜ। ਬਿਸ੍ਰਾਮ ਮੋ ਨਹਿ ਕਾਲ ਮੋਕੋ ਬੇਗ ਜਾਨੋ ਆਜ॥ ੧੭॥ ਇਹ ਭਾਂਤਿ

ਭਾਖ ਛੁਹਾਇ ਗਿਰ ਸਿਰਹਾਥਪੌਨਕੁਮਾਰ। ਕਛੁ ਦੂਰ ਆਗੇ ਜੋ ਗਯੋ ਤਿੰਹ ਭਯੋ ਬ੍ਰਿਘਨ ਅਪਾਰ। ਰਾਹੁ ਮਾਤਾ ਸਿੰਘਿ ਕਾ ਤਿਹ ਗਹੀ ਤਾਕੀ ਛਾਹਿ। ਘੋਰ ਰੂਪਾ ਰਾਕਸੀ ਜਲ ਮੱਧ ਵਾਸਾ ਆਹਿ ॥ ੧੮ ॥ ਅਕਾਸ਼ ਗਾਮੀ ਛਾਇ ਗਹਿ ਪੁਨਿ ਲਏ ਤਾਂਕੋ ਖਾਇ। ਤਿਨ ਗਹੇ ਹਨੁਮਤ ਜਾਵਤੇ ਉਰ ਚਿੰਤ ਉਪਜੀ ਆਇ। ਕਿਨ ਬੇਗ ਮੇਰਾ ਰੋਕਿਓ ਯਹਿ ਬ੍ਰਿਘਨ ਕਾਰੀ ਕੋਇ। ਵਿਸਮਤਾ ਉਰਮੈਂ ਭਈ ਨਹਿ ਵੇਖਿਓ ਅਬ ਸੋਇ ॥ ੧੯ ॥ ਇਹਚਿੰਤ ਕਰ ਹਨੁਮਾਨ ਨੀਚੇ ਨੀਰ ਦ੍ਰਿਸ਼ੂ ਪਸਾਰ। ਵਹਿ ਘੋਰ ਰੂਪੀ ਸ਼ਿਘਕਾ ਜਲ ਮਾਂਹਿ ਲਈ ਨਿਹਾਰ। ਕਪਿ ਬੇਗ ਵੈਰ ਸੁ ਨੀਰ ਮੇਂ ਹਨਿ ਪਾਦ ਪ੍ਰਾਣ ਨਿਕਾਰ। ਵਿਸ ਵੱਖਣੰ ਪੁਨਿ ਕੂਦਕੈ ਕਪਿ ਗਯੋ ਗਗਨ ਮਝਾਰ॥੨੦॥ਦੇਖਕੂਲਸਮੁੰਦ ਕੇ ਪੁਨਿ ਪਰੋ ਹਨੁਮਤਿ ਜਾਇ। ਬਹੁ ਭਾਂਤਿ ਪੰਖੀ ਬੋਲਹੀ ਦ੍ਰੁਮਿ ਰਹੇ ਪਰਬਤ ਛਾਇ। ਫਲ ਭਾਰ ਸੋਂ ਤਰ ਭੂਮਿ ਲਦਕੇ ਲੱਤਾ ਫੂਲ ਅਪਾਰ। ਤ੍ਰਿਕੂਟ ਗਿਰਕੇ ਸਿਖਰ ਮੈਂ ਪੁਨਿ ਪਿਖੇ ਨਗਰ ਉਦਾਰ॥ ੨੧ ॥ ਪਰਕਾਰ ਬਹੁ ਬਿਧਿ ਸੋਭਈ ਅਤਿ ਨਿਮਨ ਪਰਖਾ ਆਇ। ਅਸ ਲੰਕ ਮੈ ਕਹਿ ਭਾਂਤਿ ਪੈਠੋਂ ਚਿੰਤ ਜੋ ਮਨ ਮਾਹਿ। ਰਾਤਿ ਸੂਖਮ ਰੂਪਕਰ ਮੈਂ ਬਰੋਂ ਲੰਕ ਮਝਾਰ। ਪ੍ਰਵੇਸ਼ ਯਾਮੈ ਕਠਨਿ ਹੈ ਰਾਵਨ ਕਰੈ ਪ੍ਰਤਿ ਪਾਰ ॥ ੨੨ ॥ ਇਹ ਭਾਂਤਿ ਚਿੰਤ ਸੁਚੀਤ ਮੈਂ ਤਹਿ ਰਹਜੋ ਠਾਢੋ ਹੋਇ। ਰਵਿ ਦੁਰੇ ਨਿਸਾ ਨਿਹਾਰਕੈ ਕਪਿ ਚਾਲਿਓ ਪੁਨਿ ਸੋਇ। ਧਰ ਰੂਪ ਸੂਖਮ ਘੋਰ ਪੁਰ ਮੈਂ ਬਰੇ ਕਪਿ ਬਲਵਾਨ। ਤਹਿ ਪੁਰੀ ਲੰਕਾ

ਰਾਕਸ਼ੀ ਧਰ ਵੇਸ਼ ਥੀ ਦਰਵਾਨ ॥੨੩॥ ਪੇਖਤਿਨ ਹਨੁਮਾਨ
ਕੋ ਅਤਿ ਝਾਂਰ ਕੀਨ ਬਖਾਨ । ਤੁਮ ਕੌਨ ਬਾਨਰ ਰੂਪ ਧਰ
ਕਰ ਲੰਕਨੀ ਅਪਿਮਾਨ । ਕਿਧ ਕਰਨਕੋ ਉਰ ਚਾਹਤੋ ਧਰ
ਚੋਰ ਜਿਉ ਪੁਰਿ ਰਾਤ । ਇਮ ਭਾਖਿ ਨੈਨ ਸੁ ਲਾਲ ਕੀਨੇ
ਹਨੀ ਕਪਿ ਕੋ ਲਾਤ ॥ ੨੪ ॥ ਹਨੁਮਾਨ ਵਜ੍ਰ ਸਮਾਨ ਮੁ-
ਸ਼ਟੀ ਵਾਂਮ ਮਾਰੀ ਤਾਂਹਿ । ਗਿਰੀ ਧਰ ਮੈ ਸ਼ੋਣ ਤੇ ਪੁਨਿ ਵਮੈ
ਤੋ ਮੁਖ ਮਾਂਹਿ । ਉਠ ਲੰਕ ਭਾਖਜੋ ਤਾਂਹਿ ਕੋ ਹਨ ਮੰਤ ਕਪਿ
ਬਲਵਾਨ । ਨਿਸ ਪਾਪ ਲੰਕਾਤੈ ਜਿਨੀ ਅਬਿ ਜਾਂਹਿ ਤੇ ਕਲ-
ਧਾਨ ॥ ੨੫ ॥ ਕਿਧ ਮੋਹ ਪੁਰਬ ਭਾਖਿਓ ਜੁਗ ਜਾਹਿੰ ਜੋ
ਚੌਬੀਸ । ਤ੍ਰੇਤਾ ਯੁਗ ਅਜ ਨੰਦਨੇ ਘਰ ਰਾਮ ਵੈ ਜਗਦੀਸ਼ ।
ਯੋਗ ਮਾਯਾ ਜਾਨਕੀ ਵੈ ਜਨਕ ਭੌਨ ਮਝਾਰ । ਬੈਨਤੀ ਮੈ ਹੈ
ਕਰੀ ਵਹਿ ਲਹੈਂਗੇ ਅਵਤਾਰ ॥ ੨੬ ॥ ਭੂਭਾਰ ਤਾਰਣ ਕਾਜ
ਹਰਿ ਵਹਿ ਭ੍ਰਾਤ ਔ ਸਹਿ ਨਾਰਿ। ਭਗਤ ਵਤਸਲ ਆਹਿੰਗੇ
ਵਹਿ ਰਾਮ ਵਿਪਨ ਮਝਾਰ। ਹਰਿ ਲਿਯਾਇ ਗੋ ਦਸ ਕੰਧਰੋ
ਬਨ ਸੀਯ ਕਪਟ ਅਨੀਤ । ਪੁਨਿ ਰਾਮ ਔ ਸੁਗ੍ਰੀਵ ਹੁਇ ਹੈਂ
ਸਖਾ ਨਿਰਮਲ ਚੀਤ ॥ ੨੭ ॥ ਸੀਯ ਸੋਧ ਕੋ ਕਪਿ ਭੇਜ ਹੈ
ਸੁਗ੍ਰੀਵ ਬੁੱਧਿ ਪ੍ਰਕਾਸ਼। ਤਿਨ ਮਾਂਹਿ ਬਾਨਰ ਏਕ ਨਿਸ ਕੋ
ਆਇਗੋ ਤਵ ਪਾਸ। ਤੁੰ ਭਾਂਦ ਹੈ ਪੁਨਿ ਤਾਂਹਿ ਕੋ ਵਹਿ ਕਰੇ
ਮੁਸ਼ਟਿ ਪ੍ਰਹਾਰ। ਦੁਖ ਹੋਇਗੋ ਤੋ ਤਨ ਬਿਖੇ ਮੁਖ ਜਾਇ ਲੋਹੁ
ਧਾਰ ॥ ੨੮ ॥ ਰਾਂਵਣ ਭਬੀ ਪੁਰਿ ਮਾਰਿਯੋ ਬਿਨ ਸੰਕ ਤੁੰ
ਉਰਧਾਰ। ਤੁਮ ਜਿਨੀ ਲੰਕਾ ਨਗਰੀਆ ਕਪਿ ਕਹਜੋ ਥੋ ਮੁਖ

ਚਾਰ। ਦਸ ਕੰਧ ਅੰਤਰ ਪੁਰਿ ਬਿਖੇ ਇਕ ਕ੍ਰੀੜ ਕਾਂਨਨ ਆਹਿ ॥ ਤਿਨ ਬੀਚ ਆਹਿ ਅਸ਼ੋਕ ਬਨਕਾ ਦਿੱਖ ਪਾਵਪ ਜਾਹਿੰ ॥੨੯॥ ਤਿਹ ਬੀਚ ਏਕ ਸੁ ਸਿੰਸਪਾ ਤਰੁ ਆਹਿ ਰੂਪ ਉਦਾਰ। ਤਿਹ ਤਰੇ ਜਨਕ ਕੁਮਾਰੀਆ ਢਿਗ ਰਾਖਸੀ ਰਖ ਵਾਰ। ਤਿੰਹ ਪੇਖ ਬੇਗ ਸੁਜਾਇਕੈ ਕਹੁ ਰਾਮ ਕੋ ਸਭ ਸਾਰ। ਇਹ ਭਾਖ ਗਿਰਜਾ ਲੰਕਨੀ ਮੁਖ ਫੇਰ ਕੀਨ ਉਚਾਰ ॥ ੩੦ ॥ ਦੋਹਰਾ ॥ ਧੰਨ ਆਜ ਚਿਰਕਾਲਤੇ ਸਿੰਮ੍ਰਿਤ ਆਈ ਰਾਮ। ਜਾਂਤੈ ਭੁਵ ਬੀਧਨ ਮਿਟੇ ਲਹੇ ਰਾਮ ਕੋ ਧਾਂਮ ॥ ੩੧ ॥

ਚੌਪਈ ॥ ਰਾਮ ਭਗਤ ਕੋ ਸੰਗਮੁ ਜੋਈ। ਦੁਰਲਭ ਭਯੋ ਆਜੁ ਮੁਹਿ ਸੋਈ। ਦਾਸਰਥੀ ਰਘੁਵਰ ਸ੍ਰੀ ਰਾਮਾਂ। ਸਦਾ ਪ੍ਰਸੰਨ ਰਹੇ ਰਿਦ ਧਾਮਾਂ ॥੩੧॥ ਸਵੈਯਾ ॥ ਤਟ ਸਾਗਰ ਤੇ ਜਬ ਪੌਨ ਕੁਮਾਰ ਸੁ ਦੂਰ ਚਲੇ ਨਭ ਮਾਂਹਿ ਭਵਾਨੀ ॥ ਅਵਨੀ ਦੁਹਿਤਾ ਦ੍ਰਿਗ ਵਾਮ ਫੁਰੇ ਅਰੁ ਚਾਵਨ ਬਾਮ ਭੁਜਾ ਫੁਰਕਾਨੀ। ਰਘੁਵੰਸ ਸਿਰੋਮਨਿ ਕੀ ਭੁਜ ਦੱਖਨ ਤਾਹਿੰ ਸਮੇ ਫਰਕੀ ਹਰਿਖਾਨੀ। ਇਹ ਭਾਂਤਿ ਧਸੇ ਗਢ ਲੰਕ ਹਨੂੰ ਕਬਿ ਸਿੰਘ ਗੁਲਾਬ ਸੁ ਕੀਨ ਬਖਾਨੀ ॥੩੨॥ ਇਤਿ ਸ੍ਰੀਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਸੁੰਦਰ ਕਾਂਡੇ ਪ੍ਰਥਮੋ ਧਯਾਇ ॥ ੧ ॥

ਸ੍ਰੀ ਮਹਾਂਦੇਵ ਉਵਾਚ ॥ ਸ਼ੀਕਰਛੰਦ ॥

ਤਬ ਅੰਜਨੀ ਕੇ ਪੂਤ ਰਾਤੀ ਬਰੇ ਲੰਕ ਮਝਾਰ। ਫਿਰਨ ਲਾਗੇ

ਨਗਰ ਮੈ ਧਰ ਸੂਖਮੋ ਆਕਾਰ। ਸਿਯ ਸੋਧਨੇ ਕੇ ਕਾਜ ਸੋ ਪੁਨਿ ਧਸਜੋ ਭੂਪ ਨਿਵੇਸ਼। ਨਹਿ ਪੇਖੀਯਾ ਤਹਿੰ ਜਾਨਕੀ ਤਿਨ ਪਿਖੇ ਘਰ ਸਬ ਦੇਸ਼॥ ੧॥ ਪੁਨਿ ਲੰਕ ਬਚਨ ਚਿਤਾਰ ਕਰ ਕਪਿ ਗਯੋ ਬਨ ਆਸੋਕ। ਜਾਹਿੰ ਸੋਭਾ ਪੇਖਕੈ ਬਨ ਲਜੇ ਸੇ ਸੁਰਲੋਕ। ਦੇਵਤਾ ਬਨ ਬ੍ਰਿਖ ਲਾਗੇ ਰਤਨ ਕੀ ਸੋ ਪਾਨ। ਮ੍ਰਿਗ ਬਾਲ ਜਾਮੈਂ ਖੇਲਹੈਂ ਪੁਨ ਕਰੇਂ ਪੰਖੀ ਗਾਨ ॥ ੨॥ ਪ੍ਰਸਾਦਿ ਜਾਮੈਂ ਹੇਮਕੈ ਧਰ ਲਟੇ ਫਲ ਸੋਂ ਡਾਲ। ਸੁਧਾ ਕੇ ਰਸ ਜਾਹਿ ਸਿੰਚੇ ਦੇਵਤਾ ਅਲਬਾਲ। ਤਿਹ ਜਾਨਕੀ ਕੋ ਢੂੰਡ ਹੈ ਤਰੁ ਤਰੁ ਬਿਖੇ ਹਨੂਮਾਨ। ਘਨ ਲੰਕ ਮਹਿਲ ਨਿਹਾਰਿਯੋ ਤਹਿ ਜਾਹਿ ਰੂਪ ਮਹਾਂਨ ॥ ੩ ॥ ਦੇਖ ਬਿਸਮੈਂ ਹੋਇਯੋ ਮਣਿ ਥੰਭ ਜਾਹਿ ਹਜ਼ਾਰ। ਤਿੰਹ ਦੇਖ ਆਗੇ ਗਯੋ ਕਿੰਚਤ ਪੌਨ ਕੋ ਸੁ ਕੁਮਾਰ । ਹੇਰਿਯੋ ਤਰੁ ਸਿੰਸਪਾ ਅਤਿ ਨਿਵੜਜਾਂ ਛਣਛੈਮ। ਆਤਪ ਦਿਖਾਈ ਦੇਤ ਨਹਿੰ ਖਗ ਬਣੇ ਵਰਣ ਸੁ ਹੇਮ ॥ ੪ ॥ ਤਰੁ ਤਲੇ ਜਨਕ ਕੁਮਾਰੀਯਾ ਢਿਗ ਰਾਕਸ਼ੀ ਭਯ ਕਾਰ ॥ ਹਨੂੰਮਾਨ ਦੇਖੀ ਭੂਤਲੇ ਜਨ ਦੇਵਤਾ ਅਵਤਾਰ। ਏਕ ਬੇਣੀ ਦੂਬਰੀ ਪਟ ਰਹੀ ਮਲਨ ਸੁ ਧਾਰ। ਭੂਮਿ ਸੋਈ ਸੋਚਤੀ ਮੁਖਿ ਰਾਮ ਰਾਮ ਉਚਾਰ ॥ ੫॥ ਨ੍ਰਾਤਾ ਨ ਕੋਈ ਪਾਵਤੀ ਉਪਵਾਸ ਦੂਬਰ ਦੇਹ। ਪਿਖ ਤਾਂਹਿ ਕੋ ਹਨੂਮਾਨਭਾਖਜੋਜਾਨਕੀਹੈਏਹ।ਕ੍ਰਿਤ ਕ੍ਰਿਤ ਯਾ ਯਗ ਹੋਇਓ ਮੈ ਜਾਨਕੀ ਪਿਖ ਆਜ। ਪਰਮਾਤਮਾਂ ਰਘੁਬੀਰ ਕੈ ਪੈ ਕਰੇ ਆਇ ਸੁ ਕਾਜ ॥ ੬॥ ਧੁਨਿ ਕਿਲ ਕਿਲਾ ਯਹਿ ਸ਼ਬਦ

ਹੋਇਓ ਰਾਜ ਭੌਨ ਮਝਾਰ । ਸੁਨਿ ਸ਼ਬਦ ਚਕ੍ਰਤ ਲੀਨ ਤਰਛਦ ਭਏ ਵਾਯੁ ਕੁਮਾਰ। ਦਸ ਕੰਠਿ ਆਵਤ ਦੇਖਿਓ ਬਹੁ ਲੀਨ ਸੰਗ ਸੁ ਨਾਰਿ। ਭੁਜ ਬੀਸ ਦਸ ਮੁਖ ਸੋਭਈ ਤਨ ਸ਼ਾਮ ਲੀਨ ਪਹਾਰ ॥ ੭ ॥ ਤਿਹ ਪੇਖ ਕਪਿ ਬਿਸਮਾਇਓ ਦੁਰ ਗਯੋ ਪਾਤਨ ਮਾਹਿੰ। ਗਿਰਜਾ ਸੁਨੋ ਦਸ ਕੰਠ ਰਾਵਣ ਔ ਚਿਤੇ ਮਨ ਮਾਹਿੰ। ਕਿਹ ਭਾਂਤਿ ਰਾਘਵ ਹਾਥ ਤੇ ਮੈਂ ਮਰੌਂ ਯਾ ਜਗ ਮਾਂਹਿੰ। ਕੋ ਭਯੋ ਕਾਰਣ ਰਾਮਜੀ ਹਿਤ ਸੀਯ ਆਯੋ ਨਾਹਿੰ ॥੮॥ ਇਹ ਭਾਂਤਿ ਚੀਤ ਚਿਤਾਰਈ ਦਿਨ ਰਾਤ ਰਾਵਣ ਸੋਇ । ਦਿਨ ਭਾਂਹਿ ਅੰਤਮ ਰਾਤ ਮੈਂ ਇਹ ਸੁਪਨ ਭੀਤਰ ਜੋਇ । ਕਪਿ ਦੂਤ ਰਾਮ ਪਠਾਇਓ ਗਢ ਲੰਕ ਮੈਂ ਵਹੁ ਆਇ । ਤਰ ਬੈਠ ਸੀਯ ਨਿਹਾਰੀਆ ਤਿਨ ਤਨਕ ਦੇਹ ਬਨਾਇ ॥੯॥ ਇਹ ਭਾਂਤਿ ਅਦਭੁਤ ਸੁਪਨ ਪਿਖ ਤਿਮ ਚਿੰਤਿਓ ਮਨ ਮਾਹਿੰ। ਮਤਿ ਹੋਇ ਸੁਪਨੋ ਸਾਚ ਯਹਿ ਅਬ ਯੋਂ ਕਰੋਂ ਮੈ ਤਾਹਿੰ । ਵਾਕ ਸਰ ਸੀਯ ਪੋਰ ਕੈ ਤਿੰਹ ਕਰੋਂ ਦੁਖੀ ਸਰੀਰ । ਕਪਿ ਪੇਖਿ ਭਾਖੇ ਰਾਮ ਕੋ ਇਮ ਆਇ ਹੈਂ ਰਘੁਬੀਰ ॥ ੧੦॥ਗਯੋ ਸੀਯ ਸਮੀਪ ਯਾ ਬਿਧ ਚੀਤ ਮਾਹਿ ਬਿਚਾਰ। ਧੁਨਿ ਕਿੰਕਣੀ ਕੀ ਸੁਣੀ ਸੀਤਾ ਨੇਵਰਾਂ ਝਨ ਕਾਰ । ਲੀਨ ਹੋਈ ਸੀਯ ਨਿਜ ਤਨ ਭਈ ਉਰਮੈਂ ਭੀਤ। ਭਰ ਨੈਨ ਨੀਚੇ ਮੁਖ ਕਰੇ ਅਰ ਰਾਮ ਅਰਪੇ ਚੀਤ ॥ ੧੧ ॥ ਦਸਕੰਧ ਸੀਤਾ ਹੇਰਿ ਕੈ ਪੁਨਿ ਏਹੁ ਕੀਨ ਬਖਾਨ । ਮੁਹਿ ਪੇਖ ਸਭ ਕਹੁ ਮ੍ਰਿਥਾ ਤੂੰ ਕਿਉਂ ਭਈ ਹੈਂ ਭੈਮਾਨ । ਸਹਿ ਭ੍ਰਾਤ ਰਾਮ ਬਸੇ ਬਨੈ ਵਹਿ

ਬਾਨਰਾਂ ਕੇ ਮਾਂਹਿ। ਕਦੀ ਕੇਚਤ ਦੇਖ ਹੈ ਕਬਿ ਨਜ਼ਰ ਆਵੇ ਨਾਹਿੰ ॥੨੨॥ ਮੈਂ ਬਹੁਤ ਭੇਜੇ ਚਾਰਕਾ ਪੁਨਿ ਰਾਮ ਦੇਖਿਨ ਕਾਜ। ਬਹੁ ਜਤਨ ਕਰ ਤਿਨ ਹੇਰਿਓ ਨਹਿ ਪੇਖੀਏ ਜਗ ਆਜ। ਕੈ ਗਏ ਨਗਰ ਅਯੁਧਿਆ ਕੈ ਮਰੇ ਹੈਂ ਬਿਖੁ ਖਾਇ। ਜਾਨਕੀ ਮੈਂ ਭੇਜ ਚਾਰੇ ਲਈ ਖਬਰ ਮੰਗਾਇ॥ ੨੩॥ਕਜਾ ਕਰੇਂਗੀ ਤੂੰ ਰਾਮ ਕਰ ਨਹਿ ਤੋਹਿ ਚਾਹੇ ਰਾਮ। ਤੁਹਿ ਸਦਾ ਦੀਨ ਅਲਿੰਗਨਾ ਪੁਨਿ ਬਸੇ ਤੇਰੇ ਧਾਮ। ਰਿਦੇ ਨਾਹਿੰ ਸਨੇਹ ਤਾਂਕੋ ਤੋ ਬਿਖੇ ਸੁਨਿ ਸੀਯ। ਮੈਂ ਸਾਚ ਭਾਖੋਂ ਜਾਨਕੀ ਕਿੰਹ ਕਾਮ ਐਸੇ ਪੀਯ॥ ੨੪ ॥ ਤਵ ਰਚੇ ਭੋਗ ਸੁ ਭੋਗਈ ਪੁਨਿ ਜਾਨਤੋ ਗੁਨ ਤੋਹਿ।ਕ੍ਰਿਤਘਨ ਨਿਰਗੁਣ ਅਧਮ ਹੈਨਹਿ ਕਰਤ ਤੋਮੈ ਮੋਹਿ। ਤਵ ਆਨਿਓ ਮੈ ਲੰਕ ਮੈਂ ਤੂੰ ਸ਼ੋਕ ਬਜਾਕੁਲ ਆਹਿ। ਅਬਲੌ ਨ ਆਯੋ ਰਾਮ ਸੁੰਦਰ ਜੋਰ ਨਾਹੀਂ ਭਾਹਿੰ ॥ ੨੫ ॥ ਨਿਹਸਤ ਨਿਰਮਲ ਮੂਢ ਮਾਨੀ ਕਹੇ ਪੰਡਿਤ ਆਪ। ਹੈ ਨਿਰਾਧਪ ਤੋਹਿ ਤੇ ਬੇਮੁਖ ਮਾਇ ਨ ਬਾਪ।ਕਜਾ ਕਰੇਂਗੀ ਤਿਨ ਸੰਗਿ ਭਾਮਨਿ ਰਾਮ ਨਾ ਗੁਨਵਾਨ। ਗੁਲਾਬਸਿੰਘ ਸੁ ਤੀਨਿ ਛੰਦਨ ਲਖੇ ਜਸ ਭਗਵਾਨ॥ ੨੬ ॥ ਭਜਿ ਮੋਹਿ ਤੋਕੋ ਚਾਹ ਤੋ ਮੈਂ ਰਾਖ਼ਸ਼ਾਂ ਸਿਰਦਾਰ। ਦੇਵਗੰਧ੍ਰਬ ਨਾਗ ਕਿੰਨਰ ਯੱਖਕੀ ਬਹੁ ਨਾਰਿ। ਸਿਰਦਾਰ ਤਿਨਕੀ ਹੋਇੰਗੀ ਜਬ ਭਜੇਂ ਮੋਹਿ ਅਪਾਰ। ਸੁਨਿ ਵਚਨ ਰਾਵਣ ਜੋ ਕਹੇ ਸੀਯ ਜਗੇ ਕ੍ਰੋਧ ਅਪਾਰ॥੨੭॥ ਤ੍ਰਿਣ ਓਟਕੈ ਮੁਖਿ ਭੂਮਿ ਸਨਮੁਖ ਲਗੀ ਕਰਨ ਬਖਾਨ। ਖਲ ਭੇਖ ਲੀਨ ਅਤੀਤਕਾ ਤਵ ਰਾਮਤੇ ਡਰਮਾਨ॥

ਰਾਮ ਜੋ ਬਨ ਮੈਂ ਗਏ ਪੁਨ ਗਏ ਲਖਮਣ ਭ੍ਰਾਤ। ਮਮ ਦ੍ਵਾਰ ਤੈਦੁਲ ਮਾਂਗਿਓ ਤਵ ਆਇਕੈ ਬਿਖਜਾਤ ॥੧੮॥ ਜਿਉਂ ਸ੍ਵਾਨ ਪੂੰਤਿ ਅਹੁਤਿਆ ਖਲ ਹਰੇ ਯੱਗਨ ਮਾਂਹਿ। ਤਜੋਂ ਨੀਚਮੇ ਹਰਿ ਲਿਆਇਓ ਅਬ ਪਾਇਗੋ ਫਲ ਤਾਂਹਿ। ਸਰ ਰਾਮ ਛਾਤੀ ਫੋੜ ਤੇਰੀ ਪਠੇਂਗੇ ਧਮ ਧਾਮ। ਜਾਨਿ ਹੈ ਤਬ ਨੀਚ ਰਾਵਣ ਮਨੁਜ ਹੈ ਸ੍ਰੀ ਰਾਮ ॥ ੧੯ ॥ ਸਰ ਬਾਂਧ ਪਿੰਜਰ ਸੋਖ ਸਾਗਰ ਭ੍ਰਾਤ ਲਖਮਣ ਲਾਰ। ਰਣ ਮਾਰਣੇ ਤਵ ਕਾਜ ਰਾਘਵ ਆਹਿੰਗੇ ਬਲ ਧਾਰ। ਗਢ ਸੈਨ ਬਾਹਨ ਪੂਤ ਸਹਿ ਤਵ ਮਾਰਕੈ ਸੰਗ੍ਰਾਮ। ਤਵ ਪੇਖ ਹੈ ਰਘੁਬੀਰ ਕੋ ਲੈ ਜਾਹਿੰਗੇ ਮਮ ਧਾਮ ॥ ੨੦ ॥ ਸੁਨਿ ਸੀਯ ਵਾਕ ਕਠੋਰ ਰਾਵਣ ਕ੍ਰੋਧ ਲੀਨੋ ਧਾਰ। ਸੀਯ ਮਾਰਨ ਕੋ ਅਧੋ ਖਲ ਖੜਗ ਹਾਥ ਉਭਾਰ। ਲਾਲ ਨੈਨ ਨਿਹਾਰ ਕੈ ਮੰਦੋਦਰੀ ਗਹਿ ਹਾਥ। ਪਤ ਭਲਾ ਚਾਹਿ ਨਿਵਾਰਿਓ ਇਹ ਯੋਗ ਨਾਹੀਂ ਨਾਥ ॥ ੨੧ ॥ ਮਾਨੁਖੀ ਅਤਿ ਦੀਨ ਦੁਖਤਿ ਕ੍ਰਿਪਣ ਕ੍ਰਿਸੀ ਸਰੀਰ। ਛੋਡੀਏ ਪਤਿ ਭਾਂਹਿ ਕੋ ਨਹਿ ਮਾਰੀਏ ਰਣ ਧੀਰ। ਦੇਵ ਗੰਧ੍ਰਬ ਨਾਗਕੀ ਘਰ ਮਾਹਿ ਤੇਰੇ ਨਾਰਿ। ਮਦ ਮਤ ਜਾਹਿੰ ਵਿਲੋਕਨਾਂ ਵਹਿ ਚਹੇ ਤਵ ਭਰਤਾਰ ॥ ੨੨ ॥ ਤਬ ਬੋਲਿਓ ਦਸਕੰਧ ਰਾਵਣ ਰਾਖਸ਼ੀ ਭਯਕਾਰ। ਜਿਹ ਭਾਂਤਿ ਸੋਂ ਵਸ ਹੋਇ ਸੀਤਾ ਕਰੋ ਸੋ ਪਰਕਾਰ। ਡਰਾਹੁ ਭੋਗ ਸੁ ਯਾਹਿ ਕੋ ਪੁਨਿ ਦੇਹ ਆਦਰ ਮਾਨ। ਦੋ ਮਾਸਹੀ ਕੇ ਬੀਚਹੀਂ ਜਬ ਕਰੇ ਮੋ ਸਨਮਾਨ ॥ ੨੩ ॥ ਤਬ ਸਰਬ ਸੁਖ ਸਮੇਤ ਲੰਕਾ ਰਾਜ ਭੋਗੇ ਸੋਇ। ਦੋ ਮਾਸ

ਜਾਹਿ ਬਿਤੀਤ ਜੇ ਨਹਿ ਮਾਂਨ ਹੈ ਯਹਿ ਕੋਇ। ਤਬ ਕਰੋ ਪ੍ਰਾਤ ਅਹਾਰ ਮੇਰਾ ਜਾਨਕੀ ਕੋ ਮਾਰ। ਇਮ ਭਾਖ ਇਸਤ੍ਰੀ ਸੰਗਲੈ ਪੁਨਿ ਗਯੋ ਭੌਨ ਮਝਾਰ ॥ ੨੪ ॥ ਦੋਹਰਾ ॥ ਤਬ ਆਈ ਢਿਗ ਜਾਨਕੀ ਰਾਖਸੀਆਂ ਭਯਕਾਰ। ਲਾਂਬੇ ਹਾਥ ਨਿਕਾਰ ਕੈ ਡਾਂਟਤ ਕਰਤ ਉਚਾਰ ॥ ੨੫ ॥ ਸ਼ੰਕਰ ਛੰਦ ॥ ਇਕ ਕਹੈ ਸੀਤੇ ਬ੍ਰਿਥਾ ਜੋਬਨ ਗਯੋ ਤੋਹਿ ਬਿਸਾਲ। ਮਿਲ ਸੰਗ ਰਾਵਣ ਸਫਲ ਕੀਜੋ ਜਾਵਤੋ ਹੈ ਕਾਲ। ਇਕ ਕਹੈਂ ਔਰ ਸੁ ਕੋਪ ਕਰ ਕਿਉਂ ਤੋਹਿ ਲਾਈ ਬਾਰ। ਜਾਨਕੀ ਕੋ ਖੰਡ ਖੰਡ ਸੁ ਡਾਰੀਏ ਅਬ ਮਾਰ ॥ ੨੬ ॥ ਇਕ ਔਰ ਸੀਤਾ ਮਾਰਨੇ ਹਿਤ ਲੈ ਉਠੀ ਤਲਵਾਰ। ਇਕ ਦੇਤ ਗਾਰੀ ਔਰ ਆਈਂ ਖਾਨ ਬਦਨ ਪਸਾਰ। ਏਹ ਭਾਂਤਿ ਸੀਯ ਡਰਪਾਵਹੀਂ ਤਹਿੰ ਰਾਖਸ਼ੀ ਬਿਕਰਾਲ। ਤ੍ਰਿਜਟੀ ਤਾਹਿ ਨਿਵਾਰਿਕੈ ਪੁਨਿ ਕਹੇ ਵਾਕ ਬਿਸਾਲ ॥ ੨੭ ॥ ਤੁਮ ਸੁਨੋ ਦੁਸ਼ਟ ਸੁ ਰਾਖਸ਼ੀ ਮਮ ਵਾਕ ਤੁਮ ਹਿਤ ਕਾਮ। ਭਯ ਦੇਹ ਨਾਹੀਂ ਜਾਨਕੀ ਤੁਮ ਕਰੋ ਪਦ ਪਰਣਾਮ । ਅਬ ਸੁਪਨ ਆਇਓ ਮੋਹਿ ਕੋ ਮੈਂ ਪਿਖੇ ਰਾਮ ਮੁਰਾਰਿ। ਨੈਨ ਪੰਕਜ ਸੇ ਖਿਰੇ ਐਰਾਵਤੇ ਅਸਵਾਰ ॥੨੮॥ ਲਖਮਣ ਸਮੀਪ ਸੁ ਸੋਭਈ ਗਢ ਲੰਕ ਦਯੋ ਜਲਾਇ । ਸੰਗ੍ਰਾਮ ਰਾਵਣ ਮਾਰਿਓ ਬਹੁ ਬਾਣ ਛਾਤੀ ਘਾਇ। ਅਰੋਪ ਸੀਤਾ ਸੰਗ ਬੈਠੇ ਰਾਮ ਸਿਖਰੁ ਪਹਾਰ। ਰਾਵਣ ਦਿਗੰਬਰ ਭੇਲ ਮਲ ਵਹਿ ਨਾਇ ਗੋਬਰ ਤਾਰ ॥ ੨੯ ॥ ਪੁਤਰ ਸੁ ਪੋਤੇ ਸੰਗ ਲੈ ਨਰ ਬਦਨ ਕੀ ਕਰ ਮਾਲ। ਇਹ ਭਾਂਤਿ ਪੇਖੇ ਲੰਕ

ਪਤਿ ਅਬ ਆਇਓ ਤਿਹ ਕਾਲ। ਬੈਠੋ ਵਭੀਖਣ ਰਾਮ ਕੀ ਢਿਗ ਹਰਖ ਚੀਤ ਬਢਾਇ। ਸੇਵਾ ਕਰੇ ਪਦ ਰਾਮ ਕੀ ਪੁਨਿ ਲਾਇ ਹਿਰਦੇ ਭਾਇ ॥ ੩੦ ॥ ਕੁਲ ਸੰਗ ਰਾਵਣ ਮਾਰ ਹੈ ਵਹਿ ਰਾਮ ਹਰਿ ਅਵਤਾਰ ॥ ਦੈ ਰਾਜ ਲੰਕ ਭਬੀਖਣੇ ਪੁਨਿ ਜਾਨਕੀ ਲੈ ਨਾਲ। ਮਨੁ ਰਾਜਧਾਨੀ ਜਾਹਿੰਗੇ ਨਿਜ ਅੰਕ ਸੀਤਾ ਧਾਰ। ਘਨ ਸ਼ਜਾਮ ਨੈਨਾ ਕੰਜ ਸੇ ਤਨ ਮਾਧੁਰੀ ਆਗਾਰ। ੩੧॥ ਤ੍ਰਿਜਟੀ ਕੇਧਹਿ ਵਾਕ ਸੁਨਿ ਸਭ ਰਾਕਸ਼ੀ ਡਰ ਕੀਨ। ਹੋਇ ਚੁਪਕੀ ਬੈਠੀਆਂ ਪੁਨਿ ਭਈ ਨਿੰਦ੍ਰਾ ਲੀਨ। ਰਾਕਸ਼ੀ ਕਰ ਡਰੀ ਸੀਤਾ ਚੀਤ ਬਜਾਕੁਲ ਹੋਇ। ਮੂਰਛਾ ਤਨ ਮੈਂ ਭਈ ਨਹਿੰ ਪਾਇ ਰਾਖਾ ਕੋਇ ॥ ੩੨ ॥ ਭਰ ਨੈਨ ਜਲ ਉਰ ਚਿੰਤਤੀ ਪੁਨਿ ਏਹ ਕੀਨ ਉਚਾਰ। ਪਰਭਾਤ ਮੋਰੋ ਖਾਹਿੰਗੀ ਯਹਿ ਰਾਖਸ਼ੀ ਤਨ ਮਾਰ। ਉਪਾਇ ਕੋਣ ਸੁ ਮਰਣ ਮੇਰਾ ਆਜਹੀਂ ਜਗ ਜੋਇ। ਇਮ ਦੁਖ ਮਗਨ ਵਿਮੁਕਤ ਕੰਠਾ ਜਾਨਕੀ ਚਿਰ ਰੋਇ ॥ ੩੩ ॥ ਦੋਹਰਾ ॥ ਤਰਕੀ ਸ਼ਾਖ ਅਲੰਬ ਕਰ ਮਰਣੋ ਧਾਰਜੋ ਜੀਯ। ਮਰਣ ਉਪਾਇ ਸਿਕੰਦਸੁ ਜਾਨੈ ਨਾਹੀਂ ਸੀਯ ॥ ੩੪ ॥ ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਸੁੰਦਰ ਕਾਂਡੇ ਦੁਤੀਓ ਧਜਾਇ ॥ ੨ ॥

ਸ੍ਰੀ ਮਹਾਂਦੇਵ ਉਵਾਚ

ਸ਼ੰਕਰ ਛੰਦ ॥ ਬਿਨ ਰਾਮ ਯਾਹਿ ਸ਼ਰੀਰ ਕੋ ਮੈਂ ਹਨੋ ਪਾਸੀ ਪਾਇ। ਕਿਆ ਜੀਵਨੈਂ ਛਲ ਹੋਇ ਬੀਚ ਸੁ ਰਾਖਸਾ ਬਿਲ

ਖਾਇ। ਮੈਂ ਆਹਿ ਬੇਣੀ ਲਾਂਬੀਆ ਕਰ ਪਾਸ ਗਲ ਮੈ ਡਾਰ ।ਮੈਂ ਮਰੌਂ ਯਾ ਬਿਧ ਜਾਨਕੀ ਮਤਿ ਲਈ ਉਰਮੈਂ ਧਾਰ ॥੧॥ ॥ ਦੋਹਰਾ ॥ ਹਨੂੰਮਾਨ ਸਿਧ ਪੇਖ ਗਤਿ ਮਨ ਮੈਂ ਕੀਨ ਬਿਚਾਰ । ਜਾਂ ਹਿਤ ਆਯੋ ਮੈ ਇਹਾਂ ਮਰੈ ਫਾਸ ਗਲ ਡਾਰ॥੨॥ ਦੋਹਰਾ ॥ ਸਨੈਂ ਸਨੈਂ ਤਬ ਬੋਲਿਯੋ ਸੀਯ ਬਚਾਵਨ ਕਾਜ । ਸੀਤਾ ਕਾਂਨਨ ਜੋ ਪਰੇ ਕਥਾ ਕਹੀ ਰਘੁਰਾਜ॥੩॥ ਹਨੂੰਮਾਨ ਉਵਾਚ ॥ ਸ਼ੀਕਰਛੰਦ ॥ ਇਖਵਾਕ ਵੰਸ ਸੁ ਉਪਜਿਯੋ ਇਕ ਭੂਪ ਦਸਰਥ ਬੀਰ। ਆਯੋਧਿਆ ਪਤਿ ਭਾਖੀਏ ਵਹੁ ਹੁਤੋ ਗੁਣੀ ਗਹੀਰ । ਸਮ ਵੇਦ ਪੂਤ ਸੁ ਚਾਰ ਤਿਨਕੇ ਵਿਦਤ ਜਗਤ ਮਝਾਰ । ਰੂਪ ਸੁੰਦਰ ਮਦਨ ਸੇ ਵਹਿ ਆਹਿ ਗੁਨਨ ਅਧਾਰ ॥ ੪ ॥ ਰਾਮ ਲਖਮਣ ਭਰਥ ਔ ਸ਼ੱਤ੍ਰੁਘਨ ਚੌਥੇ ਆਹਿ ।ਪਿਤਮਾਤਆਇਸੁ ਬਡੋ ਰਾਮ ਸੁ ਆਇਓ ਬਨ ਮਾਹਿੰ । ਸੀਯ ਨਾਰਿ ਤਾਹਿ ਸੁ ਸੰਗ ਲੀਨੀ ਔਰ ਲਖਮਣ ਬੀਰ। ਵੈ ਬਸੈ ਪੰਚਬਟੀ ਵਿਖੇ ਪੁਨਿ ਗੋਮਤੀ ਕੇ ਤੀਰ ॥ ੫ ॥ ਪੁਨਿ ਹਰੀ ਜਨਕ ਕੁਮਾਰੀਯਾ ਤਹਿ ਦੁਸ਼ੂ ਰਾਵਣ ਜਾਇ । ਰਾਮ ਥੋ ਬਨਿਮੈ ਗਏ ਪੁਨਿ ਏਕਲੀ ਕੋ ਪਾਇ । ਸੀਯ ਸੋਧ ਰਾਘਵ ਕਰਨ ਲਾਗੇ ਭਇਓ ਦੁਖ ਅਪਾਰ । ਜਟਾਯੁ ਪੰਖੀ ਰਾਮ ਪੇਖੇ ਧਰੇ ਧਰਣਿ ਮਝਾਰ ॥ ੬ ॥ ਤਿਨ ਬੇਗ ਸੁਰਪੁਰਿ ਭੇਜ ਕੈ ਆਏ ਰਿੱਖ ਮੂਕ ਪਹਾਰ । ਸੁਗ੍ਰੀਵ ਸੋਂ ਪੁਨਿ ਮਿਤ੍ਰਤਾ ਹਰਿ ਕਰੀ ਭੁਜਾ ਪਸਾਰ । ਤਿਨ ਨਾਰਿ ਹਰਤਾ ਮਾਰ ਬਾਲੀ ਰਾਮ ਕਰੀ ਸਹਾਇ । ਸੁਗ੍ਰੀਵ ਮੀਤ ਸੁ ਕਾਜ ਕੀਨੋਂ ਸੀਸ ਛੱਤ੍ਰ ਫਿ

ਰਾਇ॥੭॥ਕਪਿ ਬਲੀ ਸਗਲ ਬੁਲਾਇਆ ਸੁਗ੍ਰੀਵ ਬਾਨਰ ਰਾਜ। ਦਿਸ ਰਾਜ ਤਾਹਿ ਪਠਾਇਆ ਪੁਨਿ ਸੀਯ ਸੋਧਨ ਕਾਜ। ਤਿਨ ਮਾਹਿ ਏਕ ਸੁੱਗ੍ਰੀਵ ਮੰਤ੍ਰੀ ਮੈਂ ਅਯੋ ਇਹ ਠੌਰ। ਸੈਪਾਤ ਵਚਨ ਉਲੰਘ ਸਾਗਰ ਜੋਜਨਾ ਸਤਿ ਦੌਰ ॥ ੮ ॥ ਬਰ ਲੰਕ ਸੀਤਾ ਢੂੰਢੀਯਾ ਮੈਂ ਸਗਲ ਘਰਨ ਮਝਾਰ। ਪੁਨਿ ਆਇਓ ਅਸ਼ੋਕ ਬਨਕਾ ਵਚਨ ਲੰਕ ਚਿਤਾਰ। ਸਿੰਸਪਾਤਰੁ ਤਰੇ ਦੇਖੀ ਬੇਦੀਆ ਮਿਥਲੇਸ਼। ਰਾਮ ਕੀ ਪਟਰਾਨੀਆ ਉਰ ਸੋਚ ਪਾਇ ਕਲੇਸ਼॥ ੯ ॥ ਕ੍ਰਿਤ ਕ੍ਰਿੱਤ ਮੈ ਅਬ ਹੋਇਓ ਕਰ ਕਾਜ ਰਾਮ ਮੁਰਾਰ। ਇਹ ਭਾਖ ਚੁਪਕਾ ਹੋਇਓ ਕਪਿ ਬੁੱਧਿ ਵੰਤ ਉਦਾਰ। ਵਿਸਮੈਂ ਭਈ ਉਰ ਮਾਹਿ ਸੀਤਾ ਕਥਾ ਸੁਨ ਯਹਿ ਕਾਨ॥ ਕਜਾ ਮੋਹਿ ਸੁਨਿਓ ਵਜੋਮ ਮੈਂ ਯਹਿ ਵਾਯੁ ਕੀਨ ਵਖਾਨ॥ ੧੦॥ ਕੈ ਭਯਾ ਸੁਪਨਾ ਮੋਹਿਕੋ ਕੈ ਭ੍ਰਾਂਤਿ ਕੈ ਸੱਮ ਆਹਿ। ਦੁਖ ਨੀਂਦ ਨਾਹੀਂ ਸੁਪਨ ਕੈਸੇ ਜਾਨਕੀ ਭ੍ਰਮ ਨਾਹਿ। ਕਿਨ ਕਰਣ ਅੰਮ੍ਰਿਤ ਭਾਖਿਓ ਯਹਿ ਵਚਨ ਮੋਹਿ ਸੁਨਾਇ। ਪ੍ਰਿਯ ਵਚਨ ਭਾਖੀ ਸੁਕ੍ਰਿਤੀ ਮੈਂ ਪਿਖੋਂ ਆਗੇ ਆਇ॥੧੧॥ ਦੋਹਰਾ ॥ ਉਮਾਂ ਜਾਨਕੀ ਵਚਨ ਸੁਨ ਹਨੁਮਤ ਪੌਨ ਕੁਮਾਰ। ਸਨੈਂ ਸਨੈਂ ਤਰੁ ਤੇ ਤਰੇ ਆਏ ਧਰਨਿ ਮਝਾਰ ॥ ੧੨ ॥ ਸ਼ਿਕਰਛੰਦ ॥ ਚਿੜੇ ਸਮ ਆਕਾਰ ਸੀਤਾ ਖੜੇ ਆਗੇ ਆਇ ॥ ਮੁਖ ਲਾਲ ਸੁੰਦਰ ਸੋਭਈ ਤਨ ਪੀਤ ਵਰਣ ਸੁਹਾਇ ॥ ਅਭਬੰਦ ਸੀਤਾ ਜੋੜ ਦੋਕਰ ਖੜੇ ਆਗੇ ਆਇ। ਇਹ ਅਹੇ ਰਾਵਣ ਡਰੀ ਸੀਤਾ ਪੇਖ ਉਰ ਸ਼ਿਕਾਇ ॥ ੧੩ ॥ ਮੁਹਿ ਮੋ

ਹਿਨੈ ਕੋ ਆਇਓ ਬਨ ਕਪਦ ਕਪਿ ਆਕਾਰ। ਇਹ ਚਿੰਤ ਨੀਚੇ ਮੁਖ ਕਰਜੋ ਸੀਯ ਮੋਨ ਲੀਨੀ ਧਾਰ। ਪੁਨਿ ਬੋਲਿਓ ਹਨੁਮਾਨ ਸੀਤੇ ਸ਼ੰਕ ਨਾਂ ਕਰ ਕੋਇ। ਮੈ ਨਾਹਿ ਹੌਂ ਛੀਹਭਾਂਤਿ ਕੋ ਭੰਜਿ ਸ਼ੰਕ ਮੋਮੈ ਜੋਇ॥ ੧੪॥ ਰਾਮ ਕੌਸ਼ਲ ਰਾਜ ਕੋ ਮੈਂ ਦਾਸ ਮਾਤਾ ਆਹਿ। ਵਾਜੀਰ ਹੌਂ ਸੁਗ੍ਰੀਵ ਕੋ ਜੋ ਬਾਨਰਾਂ ਕੇ ਨਾਹਿ। ਵਾਯੂ ਕੋ ਮੈਂ ਪੂਤ ਹੌਂ ਜੋ ਆਹਿ ਸਭੁਕੇ ਪ੍ਰਾਂਨ। ਸੁਨਿ ਜਾਨਕੀ ਹਨੁਮਾਂਨ ਪ੍ਰਤਿ ਪੁਨਿ ਏਹ ਕੀਨ ਬਖਾਂਨ॥ ੧੫॥ ਬਾਨਰਾ ਅਰ ਮਾਨਵਾ ਕਿਹ ਭਾਂਤਿ ਸੰਗਤਿ ਹੋਇ। ਤੂੰ ਰਾਮਦਾਸ ਬਖਾਨਹੈਂ ਕਿਹਭਾਂਤਿ ਜਾਨੈ ਸੋਇ। ਦੂਰ ਠਾਢੋ ਮਾਰੁਤੀ ਸੀਯ ਏਹ ਕੀਨ ਉਚਾਰ। ਰਾਮ ਸਵਰੀ ਵਾਕ ਆਏ ਰਿੱਖ ਮੂਕ ਪਹਾਰ॥ ੧੬॥ਸੁਗ੍ਰੀਵ ਥੋ ਤਿਹ ਪਰਬਤੇ ਤਿਨ ਪਿਖੇ ਲਖਮਣ ਰਾਮ। ਭਰ ਮੋਹਿ ਤਾਹਿੰ ਪਠਾਇਓ ਤਿਨ ਰਿਦੇ ਜਾਨਨ ਕਾਂਮ। ਧਰ ਬ੍ਰਹਮਚਾਰੀ ਰੂਪ ਮੈਂ ਤਿਹ ਗਯੋ ਜਹਿੰ ਰਘੁਰਾਇ।ਜਾਨ ਤਿਨਕੋ ਸੁੱਧ ਉਰ ਮੈ ਲਏ ਕੈਧ ਉਠਾਇ॥ ੧੭॥ ਸੁੱਗ੍ਰੀਵ ਕੈ ਢਿਗ ਆਨ ਕੈ ਮੈਂ ਸਖਾ ਦਏ ਬਨਾਇ। ਬਾਲੀ ਹਰੀ ਸੁੱਗ੍ਰੀਵ ਤੀਯਾ ਯੌਂ ਸੁਨੀ ਰਘੁਰਾਇ। ਇਕ ਬਾਣ ਬਾਲੀ ਮਾਰਕੈ ਸੁੱਗ੍ਰੀਵ ਦੀਨੋਂ ਰਾਜ। ਸੁਗ੍ਰੀਵ ਬੋਲ ਪਠਾਇਓ ਕਪਿ ਬਾਨਰਾ ਸਿਰਤਾਜ॥ ੧੮॥ ਸਭ ਦਿਸਾ ਚਾਲੇ ਕਪਿ ਬਲੀ ਤਵ ਸੋਧਨੇਂ ਕੋ ਕਾਮ। ਚਲਿਓ ਮੋ ਪਿਖ ਬੋਲ ਸਾਦਰ ਆਪ ਭਾਖਜੋ ਰਾਮ। ਪਵਨ ਨੰਦਨ ਕਾਜ ਮੇਰੋ ਕਰੇਗੋ ਤੂੰ ਧੀਰ। ਮੋਂ ਕੁਸ਼ਲ ਭਾਖੀ ਜਾਨਕੀ ਕੋ ਸਹਿਤ ਲਖਮਣ ਬੀਰ॥ ੧੯॥

ਮੇ ਛਾਪ ਸੀ ਪਰਤੀਤ ਹਿਤ ਲੇ ਜਾਇ ਦੀਜੋ ਸੀਯ। ਮਮ ਨਾਮ ਅਖਰ ਪੇਖਕੈ ਪਰਤੀਤ ਕਰ ਹੈ ਜੀਯ । ਇਮ ਭਾਖ ਰਾਮ ਉਤਾਰ ਅਪਨੀ ਦਈ ਮੋਕੋਂ ਛਾਪ । ਮੈਂ ਯਤਨ ਕਰ ਇਹ ਆਨੀਆ ਤੁੰ ਦੇਖ ਦੇਵੀ ਆਪ॥੨੦॥ ਇਮ ਭਾਖ ਗਿਰਜਾ ਮੁੰਦਰੀ ਸੀਯ ਦੀਨ ਪੌਨ ਕੁਮਾਰ । ਕਰ ਜੋਰ ਠਾਢੇ ਹੋਇਓ ਪਦ ਬੰਦਨਾਂ ਤਿਹ ਧਾਰ। ਤਿਨ ਪੇਖ ਸੀਤਾ ਚੀਤਹਰਖੀ ਰਾਮ ਨਾਮ ਨਿਹਾਰ। ਮੁੰਦ੍ਰਕਾ ਸਿਰ ਧਾਰੀਆ ਦ੍ਰਿਗ ਜਾਇ ਆਨੰਦ ਵਾਰ ॥੨੧॥ ਸਵੈਯਾ ॥ ਕਪਿ ਤੈ ਮਮ ਪ੍ਰਾਨਨ ਦਾਨ ਦਏ ਮਤ ਮਾਨ ਬਡੋ ਤੁਮ ਹੈ ਜਗ ਮਾਹੀ । ਤੁਮ ਸੇਵਕ ਹੋ ਰਘੁਬੀਰਹਿ ਕੇ ਅਰ ਰਾਮ ਪ੍ਰਤੀਤਿ ਕਰੇ ਤੁਮ ਮਾਹੀ। ਨਹਿ ਮੈਂ ਛਿਗ ਕੌਣ ਪਠਾਵਤ ਰਾਮ ਸੁ ਮਾਨਵ ਨਾਹਿ ਇਸੋ ਜਗ ਮਾਹੀ। ਹਨੁਮਾਨ ਪਿਖੇ ਮਮ ਦੁਖ ਮਹਾਂ ਇਹ ਭਾਂਤਿ ਸੁ ਭੋਗਤ ਹੌ ਜਗਮਾਹੀ॥੨੨। ਸਭਰਾਮ ਕੇ ਪਾਸ ਸੁ ਜਾਇਕਹੀਂ ਜਿਹ ਭਾਂਤਿ ਦਯਾ ਮਮ ਊਪਰ ਧਾਰੇ। ਕਪਿ ਸਪਤ ਮੈਂ ਤੋਹਿ ਕੋ ਸਾਚ ਕਹੌਂ ਯੁਗ ਮਾਸ ਰਹੌਂ ਅਬ ਪ੍ਰਾਣ ਹਮਾਰੇ। ਨਹਿ ਆਵਹਿੰਗੇ ਜਬ ਰਾਮ ਬਲੀ ਤਬ ਖਾਵਹਿਗੇ ਮਮ ਰਾਖਸ਼ ਮਾਰੇ । ਇਹਤੇ ਅਬ ਬੇਗ ਸੁ ਜਾਹਿ ਹਨੂੰ ਤੁਮ ਰਾਮ ਕੇ ਪਾਸ ਕਰੋ ਸਭ ਸਾਰੇ॥ ੨੩ ॥ ਦੋਹਰਾ ॥ ਬਾਨਰ ਨਾਇਕ ਸੰਗਿ ਲੈ ਕਪਿ ਕੀ ਸੈਨ ਮਿਲਾਇ। ਰਾਮਚੰਦ ਰਣ ਮੈਂ ਭਿਰੈਂ ਊਧਮ ਪਰਮ ਮਚਾਇ ॥ ੨੪ ॥ ਸਹਸਪੁਤ੍ਰ ਸਹਿ ਸੈਨ ਪੁਨਿ ਰਾਵਣ ਕੋ ਰਣ ਮਾਰ। ਮੋਹਿ ਛੁਡਾਏ ਰਾਮ ਜਬ ਤੋ ਜਸ ਹੋਇ ਉਦਾਰ ॥ ੨੫ ॥ ਸਵੈਯਾ ॥ ਜਿਹ ਭਾਂਤਿ

ਛਡਾਵਹਿ ਮੈਂ ਹਰਿ ਜੀ ਦਸਕੰਧਰ ਕੋ ਰਣ ਭੀਤਰ ਮਾਰੇ। ਸੁਤ ਸੁਕ੍ਰਿਤ ਵਾਕਨ ਆਜ ਲਈ ਅਬ ਬੇਗ ਕਰੋ ਵਹਿਜਾਇ ਪ੍ਰਕਾਰੇ। ਹਨੁਮਾਨ ਕਹਜੋ ਤਬ ਸੀ ਗਿਰਜਾ ਤੁਮ ਮਾਤ ਸੁਨੋ ਯਹਿ ਵਾਕ ਹਮਾਰੇ। ਮੁਹਿ ਦੇਖਤ ਰਾਮ ਸੁ ਭ੍ਰਾਤ ਸਮਾਂ ਚਢ ਆਵਹਿਗੇ ਕਰ ਆਯੁਧ ਧਾਰੇ ॥ ੨੬ ॥ ਕਪਿ ਨਾਇਕ ਯੌ ਤਿਨ ਸੈਨ ਲਏ ਦਸਕੰਧਰ ਕੋ ਰਣ ਭੀਤਰ ਮਾਰੇਂ। ਤੁਮਕੋ ਰਘੁਬੀਰ ਸੁ ਔਧ ਪੁਰੀ ਸੁ ਲਿਜਾਵਹਿਗੇ ਮਤਿ ਸੰਕੁ ਬਿਚਾਰੇਂ। ਇਹ ਜਾਨਕੀ ਵੈ ਕਪਿ ਸੈਨਨ ਲੈ ਕਿਹ ਭਾਂਤਿ ਤਰੇ ਸਰਤਾ ਪਤਿਵਾਰੇ। ਇਹ ਰਾਮ ਕੁ ਆਵਨ ਆਹਿ ਅਸੰਭਵ ਯੌ ਸੁਨ ਕੈ ਹਨੁਮਾਨ ਉਚਾਰੇ ॥ ੨੭ ॥ ਦੋਹਰਾ ॥ ਮੋਹਿ ਸਕੰਧਨ ਮਾਹਿ ਚਢ ਲਖਮਣ ਰਾਮ ਸੁ ਆਹਿ। ਸੈਨ ਸੈਹਤ ਸੁਗ੍ਰੀਵ ਪੁਨਿ ਆਏਂ ਨਭਿ ਕੇ ਮਾਹਿ ॥ ੨੮ ॥ ਸਵੈਯਾ ॥ ਇਹ ਭਾਂਤਿ ਭਰੇ ਜਲ ਸਾਗਰ ਕੋ ਅਰ ਮਾਰਹਿੰਗੇ ਗਣ ਰਾਖਸ਼ ਸਾਰੇ। ਤੁਮ ਹੋਤ ਕਰੇ ਸੰਗ੍ਰਾਮ ਬਲੀ ਅਬ ਆਇਸ ਦੈ ਚਲਿ ਹੋਂ ਪਥਿ ਭਾਰੇ। ਪਿਖ ਰਾਘਵ ਕੋ ਲਘਮੰਨਿ ਸਮਾਂ ਅਬ ਬੇਗ ਲਿਆਵਹੁ ਪਾਸ ਤੁਮਾਰੇ। ਜਿਹ ਭਾਂਤਿ ਸੁ ਰਾਮ ਪ੍ਰਤੀਤਿ ਕਰੈਂ ਅਬ ਆਪ ਦਿਜੈ ਕਛੁ ਮੋਹਿ ਬਿਚਾਰੇ ॥ ੨੯। ਕਮਲਾ ਦ੍ਰਿਗ ਸੀਯ ਬਿਚਾਰ ਕੀਓ ਮਣਿ ਕੇਸਨ ਤੇ ਤਿਨ ਆਪ ਨਿਕਾਰੀ। ਏਹ ਜਾਨਤ ਰਾਮ ਸੁ ਭ੍ਰਾਤ ਸਮਾ ਇਹ ਪੇਖ ਪਤੀਜਹਿ ਆਪ ਮੁਰਾਰੀ। ਗਹਿ ਪ੍ਰਾਣਨ ਕੇ ਸਮ ਪਾਲ ਕਰੀ ਮਣਿ ਹੈ ਇਹ ਰਾਘਵ ਕੀ ਅਤਿ ਪਯਾਰੀ। ਇਕ ਔਰ ਕਹੋਂ ਹਨੁਮਾਨ ਸੁਨੋ

ਸੁ ਸਨੇਹ ਭਲੋ ਭਯੋ ਬੀਚ ਪਹਾਰੀ ॥ ੩੦ ॥ ਸ਼ਿਖਰਛੰਦ ॥ ਚਿੱਤ੍ਰਕੂਟ ਸੁ ਪਰਬਤੇ ਇਕ ਕਾਲ ਭਏ ਇਕਾਂਤ । ਮੇ ਅੰਕ ਸੀਸ ਸੁ ਧਾਰ ਰਘੁਵਰ ਸੋਇ ਰਹੇ ਨਿਤਾਂਤ । ਐਂਦ੍ਰ ਕਾਕ ਸੁ ਆਇਓ ਨਖ ਤੁੰਡ ਬਾਰੰਬਾਰ । ਮੇ ਪਗ ਅੰਗੁਠਾ ਲਾਲ ਪਿਖ ਤਿਨ ਮਾਸ ਜਾਨ ਬਿਦਾਰ॥੩੧॥ਤਬ ਰਾਮ ਜਾਗੇ ਨਾਥ ਮੇਰੇ ਪਾਦਮੈਂ ਬ੍ਰਣ ਦੇਖਿ । ਕਿਨ ਕੀਨ ਯਹਿ ਅਪਕਾਰ ਮੇਰੋ ਭਏ ਕੁਪਤ ਬਿਸੇਖ । ਇਮ ਭਾਖ ਆਗੇ ਪੇਖਿਓ ਇਕ ਕਾਕ ਹੈ ਬਿਕਰਾਲ । ਬਹੁ ਮਾਰ ਮੇ ਪਦ ਦੌਰ ਹੈ ਨਖ ਤੁੰਡ ਹੈਂ ਭਿਹ ਲਾਲ॥੩੨॥ਤ੍ਰਿਣ ਪੇਖ ਰਾਮ ਸੁ ਕੋਪ ਕਰਕੈ ਦਿੱਬ ਅਸਤ੍ਰ ਜੋਰ । ਜੁਲਤਵੈ ਤ੍ਰਿਣ ਰਾਮ ਲੀਲਾ ਕਾਕ ਸਰ ਦਯੋ ਛੋਰ । ਤ੍ਰਿਣਪੀਠ ਆਗੇ ਕਾਕ ਹੈ ਸਭ ਦੇਵ ਲੋਕਨ ਜਾਇ । ਇੰਦ੍ ਬ੍ਰਹਮਾ ਵਰਣ ਔ ਸ਼ਿਵ ਸਕੇ ਨਾਹਿ ਬਚਾਇ ॥ ੩੩ ॥ ਭਰ ਰਾਮ ਪਦ ਮੈਂ ਆਇ ਗਿਰਿਯੋ ਰਾਮ ਦਯਾ ਸਮੁੰਦ। ਸ਼ਰਨ ਆਯੋ ਹੇਰਿਕੈ ਪੁਨਿ ਕਹਜੋ ਰਾਮ ਮੁਕੰਦ । ਅਸਤ੍ ਆਹਿ ਅਮੋਘ ਮੈਂ ਇਕ ਨੈਨ ਦੇ ਕਰ ਜਾਹਿ । ਤਬ ਨੈਨ ਦੇਕਰ ਗਯੋ ਕਉਆ ਪੌਰਖੀ ਇਮ ਆਹਿ ॥ ੩੪ ॥ ਕਿਹ ਹੇਤ ਮੋਹਿ ਬਿਸਾਰ ਬੈਠੇ ਰਾਮਚੰਦ ਪ੍ਰਬੀਨ ॥ ਸੁਨਿ ਜਾਨਕੀ ਕੇ ਵਾਕ ਏ ਹਨੂਮਾਨ ਉਤਰ ਦੀਨ । ਦੇਵ ਜੌ ਤੋਹਿ ਜੀਵਤੀ ਇਹ ਠੌਰ ਜਾਨੈ ਰਾਮ । ਜਲਾਹਿ ਲੰਕ ਖਿਨੇਕ ਮੈਂ ਹਨੁ ਰਾਖਸ਼ਾ ਸੰਗ੍ਰਾਮ ॥ ੪੫ ॥ ਸੀਯ ਕਹਜੋ ਰਾਖਸ਼ਿ ਸੰਗ ਕੈਸੇ ਲਰੈਗੋ ਤਨ ਏਹ ॥ ਔਰ ਬਾਨਰ ਹੋਂਹਿਗੇ ਤਵ ਭੁਲ ਤੇ ਲਘੁ ਦੇਹ। ਸੀਯਕੇ ਯਹਿਵਾਕ

ਸੁਨ ਗਿਰਜਾ ਤਬੈ ਹਨੂੰਮਾਨ। ਦਿਖਾਇਓ ਤਿਨ ਰੂਪ ਪੂਰਬ
ਆਹਿ ਪਰਮ ਮਹਾਂਨ ॥ ੩੬ ॥ ਸਵੈਯਾ ॥ ਗਿਰ ਮੰਦਰ
ਮੇਰ ਸਮਾਨ ਬਡੋ ਗਣ ਰਾਖਸ਼ ਜਾਂ ਬਲ ਤੇ ਡਰਪਾਏ। ਹਰਖੀ
ਸੀਯ ਪੇਖ ਹਨੂੰਮਤ ਕੋ ਕਪਿ ਕੁੰਜਰ ਕੋ ਯਹਿ ਵਾਕ ਅਲਾਏ
। ਤੁਮਹੋ ਬਲਵੰਤ ਬਡੇ ਜਗਮੈਂ ਤਨ ਰਾਖਸ਼ ਪੇਖਹਿ ਲੈਹ
ਲੁਕਾਏ। ਪਥਤੇ ਕਲਿਯਾਨ ਸਦਾ ਕਪਿ ਕੁੰਜਰ ਸਾਚ ਕਹੋ
ਅਬ ਰਾਮਹਿ ਜਾਏ ॥ ੩੭ ॥ ਗੀਯਾਮਾਲਤੀਛੰਦ ॥ ਤਵ
ਦੇਖਨੇ ਤੇ ਪਾਰਣਾਮ ਭੂਖ ਉਰਮੈ ਭਾਰੀਯਾ। ਅਬ ਕਰੋਂਗੋ
ਮਧ ਫਲੋ ਕਰ ਜਬ ਹੋਇ ਆਇਸ ਧਾਰੀਆ। ਸੀਯ ਕਹਜੋ
ਮੇਰੀ ਦ੍ਰਿਸ਼੍ਰ ਗੋਚਰ ਅਲਪ ਫਲ ਕਛੁ ਲੀਜੀਏ। ਮੈਂ ਪਰੀ
ਹੋਂ ਇਨ ਬੰਦ ਮੈ ਕਛੁ ਨਾ ਅਖਾਰੋ ਕੀਜੀਏ ॥੩੮॥ ਤਬ ਖਾਇ
ਕਛੁ ਫਲ ਬੰਦ ਸੀਤਾ ਹਨੂੰਮਾਨ ਪਧਾਰਿਯੋ ॥ ਕਛੁ ਦੂਰ ਆਯੋ
ਤਾਂਹਿ ਤੋ ਮਨ ਬੀਚ ਏਹ ਬੀਚਾਰਿਓ। ਜਹਿੰ ਦੂਤ ਆਯੋ ਕਾਜ
ਕੋ ਵਹਿ ਸ੍ਵਾਮਿ ਕਾਜ ਅਦੂਖਣੋਂ। ਕਛੁ ਔਰ ਕਹ ਨਹਿੰ ਜਾਇਜੋ
ਵਹਿ ਅਧਮ ਦੂਤਹ ਭੂਖਣੋਂ ॥ ੩੯ ॥ ਕਛੁ ਔਰ ਕਰ ਪਿਖ
ਰਾਵਣੈ ਕਿਛ ਬਾਤ ਤਾਸੋਂ ਕੀਜੀਯੇ। ਫਿਰ ਜਾਉਂ ਰਾਘਵ
ਦੇਖਨੋਂ ਹਿਤ ਤੋ ਕਛੁ ਜਸੁ ਲੀਜੀਯੇ। ਇਮ ਧਾਰਮਨ ਮੈਂ ਫੇਰ
ਆਯੋ ਲਗੋ ਬ੍ਰਿਖ ਉਪਾਰਨੇ। ਅਸ਼ੋਕ ਬਨ ਮੈਂ ਝੋਕ ਡਾਰੇ
ਚਹੇ ਰਾਖਸ਼ ਮਾਰਨੇ ॥ ੪੦ ॥ ਤਰੁ ਸੀਯਾ ਛਾਯਾ ਛੋਡਿਕੈ
ਸਭ ਔਰ ਬਨੀਂ ਉਪਾਰੀਯਾ। ਬਨ ਪਾੜਤੋ ਕਪਿ ਦੇਖਕੈ
ਢਿਗ ਆਇ ਰਾਖਸ਼ ਨਾਰੀਯਾ ॥ ਜਾਨਕੀ ਕੋ ਪੂਛ ਹੈ ਕਪਿ

ਕਉਨ ਉਦਭਟਿ ਹੈਂ ਬਰੇ । ਸੀਯ ਕਹੈ ਤੁਮ ਹੀ ਜਾਨਹੋ ਛਲ ਨੀਚ ਰਾਖ਼ਸ਼ ਜੋ ਕਰੇ॥ ੪੧ ॥ ਮੈਂ ਦੁਖ ਸ਼ੋਕ ਸਮਾਕੁਲਾ ਕਛੁ ਸਾਰ ਨਾਹੀਂ ਪਾਵਤੀ । ਯੋਂ ਸੁਨਤ ਰਾਖਸ਼ ਨਾਰੀਆਂ ਸਭ ਭਾਗੀਆਂ ਡਰ ਪਾਵਤੀ । ਹਨੁਮਾਨ ਕੀਨੋ ਕਰਮ ਜੋ ਤਿਨ ਜਾਇ ਭਾਖਜੋ ਰਾਵਣੈਂ । ਸੁਨਿ ਦੇਵ ਆਯੋ ਕੋ ਬਲੀ ਕਪਿ ਰੂਪ ਤਾਂ ਡਰ ਪਾਵਨੈਂ ॥੪੨॥ ਸੀਯ ਸਾਥ ਤਿਨ ਕਰ ਵਾਰਤਾ ਅਸ਼ੋਕ ਬਾਂਨ ਉਪਾਰਿਆ । ਪ੍ਰਸਾਦਿ ਦੈਤ ਸੁ ਤੋਰਿਓ ਕਪਿ ਆਹਿ ਅਤਿ ਬਲਕਾਰਿਆ । ਪ੍ਰਸਾਦਿ ਪਾਲਕ ਮਾਰਕੈ ਨਿਰਭੀਤ ਬੈਠੋ ਹੈ ਤਹਾਂ । ਸੋ ਸੁਨਤ ਰਾਵਣ ਕੋਪ ਉਠਿਓ ਕਹੇ ਸੇਵਕ ਹੈਂ ਕਹਾਂ॥ ੪੩ ॥ ਸੰਕਰਛਿਦ ॥ ਦਸ ਲਾਖ ਕਿੰਕਰ ਭੇਜਿਓ ਦਸ ਕੰਠ ਰਾਖਸ਼ ਰਾਜ । ਹਨੂਮਾਨ ਮਹਿਲ ਉਖਾਰ ਬੈਠੇ ਵੈਰ ਰਾਵਣ ਸਾਜ । ਕ੍ਰਿਤ ਲੋਹ ਥੰਭ ਸੁ ਆਯੁਧਾ ਤਨੁ ਆਹਿ ਗਿਰ ਆਕਰ । ਹਲਾਇ ਬੈਠ ਲੰਗੂਰ ਕੋ ਮੁਖ ਲਾਲ ਨੈਨ ਪਸਾਰ ॥ ੪੪ ॥ ਭੁਜੰਗ ਪ੍ਰਯਾਤ ਛੰਦ ॥ ਜਬੈ ਤਾਂਹਿ ਦੇਖੇ ਘਨੇ ਸ਼ਤ੍ਰ ਆਏ । ਕਰੇ ਸਿੰਘ ਨਾਦੰ ਹਨੂੰ ਤਾਂ ਸੁਹਾਏ । ਉਮਾਂ ਕਿੰਕਰਾ ਦੇਖਿਓ ਵਾਯੁ ਬਾਲਾ। ਮਨੋ ਸੂਰ ਸੋਹੇ ਪ੍ਰਤਾਪੀ ਕਰਾਲਾ ॥ ੪੫ ॥ ਸਵੈਯਾ ॥ ਰਾਵਣ ਕਿੰਕਰ ਕੋਪ ਅਏ ਹਨੁਮਾਨਹਿੰ ਕੋ ਬਹੁ ਸ਼ਸਤ੍ਰ ਪ੍ਰਹਾਰੇ । ਕੋਪ ਭਯੋ ਹਨੁਮਾਨ ਬਲੀ ਉਠ ਲੋਹੇ ਕੇ ਥੰਭ ਸੁ ਹਾਥ ਸਵਾਰੇ । ਰਾਖ਼ਸ਼ ਯਾ ਬਿਧ ਤਾਹਿੰ ਹਨੈਂ ਗਜਰਾਜ ਮਤੋ ਜਿਮ ਮੱਛਰ ਮਾਰੇ। ਰਾਵਣ ਬਾਤ ਸੁਨੀਂ ਜਬਹੀਂ ਅਤਿ ਕ੍ਰੋਧ ਭਯੋ ਤਿਨ ਚੀਤ ਮਝਾਰੇ॥ ੪੬ ॥ ਪੰਚ ਸ੍ਰਦਾਰ ਸੁ

ਔਰ ਪਠੇ ਹਨੁਮਾਨ ਵਹੀ ਪੁਨਿ ਮਾਰ ਗਿਰਾਏ । ਸਾਤ ਅਮਾ
ਤਨ ਕੇ ਸੁਤ ਰਾਵਣ ਕੋਪ ਭਰੇ ਉਰ ਆਨ ਪਠਾਏ । ਪੂਰਬ
ਜਜੋਂ ਹਨੁਮਾਨ ਵਹੀ ਰਣ ਭੀਤਰ ਕੋਪ ਭਲੀ ਬਿਧਿ ਘਾਏ ।
ਮਾਰੁਤ ਨੰਦਨ ਮਾਰ ਸਭੈ ਅਤਿ ਲੋਹ ਕੇ ਥੰਭ ਸੁ ਹਾਥ ਫਿਰਾਏ
॥ ੪੭ ॥ ਦੋਹਰਾ ॥ ਪੂਰਬ ਠੌਰ ਸੁ ਬੈਠ ਪੁਨਿ ਔਰਨ ਕੋ
ਪਥ ਹੇਰ । ਅਖੈ ਕੁਮਾਰ ਸੁ ਆਇਓ ਜਨ ਧਾਮ ਆਨੌ ਘੇਰ
॥ ੪੯ ॥ ਸਵੈਯਾ ॥ ਪੇਖ ਹਨੂੰ ਤਿਨ ਕੂਦ ਅਕਾਸ਼ ਚੜ੍ਹੈ
ਤਿਨ ਲੋਹੇਕੇ ਥੰਭ ਸੰਭਾਰੇ । ਫੇਰ ਫਿਰੇ ਨਭਿ ਮੰਡਲ ਤੇ ਕਪਿ
ਰਾਵਣ ਕੇ ਸੁਤ ਕੇ ਸਿਰ ਮਾਰੇ । ਸੈਨ ਹਨੀ ਸਗਰੀ ਤਿਨ ਕੀ
ਕਿਨ ਜਾਇ ਕਹਜੋ ਸੁ ਅਖੈ ਰਣ ਮਾਰੇ । ਰਾਖ਼ਸ਼ ਰਾਜ ਸੁ ਕੋਪ
ਭਰੇ ਮਘਵਾਜਿਤ ਕੋ ਯਹਿ ਵਾਕ ਉਚਾਰੇ ॥ ੪੯ ॥ ਸੁਤ ਮੈਂ
ਅਬ ਜਾਉ ਤਹਾਂ ਰਣ ਮੈਂ ਜਿਹ ਠੌਰ ਅਹੇ ਜਿਨਮੈਂ ਸੁਤ ਮਾਰੇ
ਅਬਕੈ ਤਿਨ ਕੋ ਰਣ ਮਾਹਿੰ ਹਨੌਂ ਨਹਿੰ ਬਾਂਧ ਅਨੋ ਨਿਜ
ਭੌਨ ਮਝਾਰੇ । ਮਘਵਾਜਿਤ ਬਾਪ ਕੋ ਆਪ ਕਹਜੋ ਉਰ ਕੋ
ਸਭ ਸ਼ੋਕ ਸੁ ਦੇਹੁ ਨਿਵਾਰੇ । ਮਮ ਜੀਵਤ ਕਾਹਿ ਨਮਿਤ ਸੁਨੋ
ਇਹ ਦੁਖਤ ਵਾਕ ਸੁ ਆਪ ਉਚਾਰੇ ॥ ੫੦ ॥ ਨਰਾਜਛੰਦ ॥
ਸੁ ਬ੍ਰਹਮ ਫਾਸ ਛਾਰ ਬੇਗ ਬਾਂਧ ਤਾਂ ਲਿਆਇਹੌਂ । ਬਖਾਨ
ਇੰਦ੍ਰਜੀਤ ਯੌ ਚਲੇ ਨ ਬੇਰ ਲਾਇਹੌਂ । ਗਯੋ ਸੁ ਵਾਯੁ ਪੁਤ ਕੇ
ਸਮੀਪ ਕੋਪ ਰਾਵਣੀ । ਨਿਹਾਰ ਤਾਂ ਹਨੂੰ ਸੁ ਥੰਭ ਲੀਨ ਬਾਹਿ
ਦਾਹਣੀ ॥ ੫੧ ॥ ਸਵੈਯਾ ॥ ਖਗ ਰਾਜ ਸਮਾਨ ਤਬੈ ਹਨੁ
ਮਾਨ ਸੁ ਕੂਦ ਅਕਾਸ਼ ਚੜ੍ਹੇ ਬਲ ਧਾਰੇ । ਨਭਿ ਬੀਚ ਫਿਰੇ

ਇਹ ਭਾਂਤਿ ਹਨੂੰ ਮਘਵਾਜਿਤ ਭਾਂਹਿ ਸਿਲੀ ਮੁਖ ਮਾਰੇ । ਸਰ ਪੰਚ ਦਏ ਕਪਿਕੇ ਸਿਰ ਮੈਂ ਪੁਨਿ ਆਨ ਭਲੇ ਰਿਦ ਮਾਹਿੰ ਪ੍ਰਹਾਰੇ। ਖਟ ਪਾਦਨ ਮੈਂ ਇਕ ਪੁੰਛ ਹਨੀਂ ਮਘਵਾਜਿਤ ਕੇਹਰਿ ਜਿਉ ਲਲਕਾਰੇ ॥ ੫੨ ॥ ਤਬ ਕੋਪ ਭਰੇ ਹਨੂਮਾਨ ਬਲੀ ਨਭਿਮੰਡਲ ਮੂਸਲ ਹਾਥਿ ਉਭਾਰੇ। ਮਘਵਾਜਿਤ ਕੋ ਰਥ ਔਰ ਤੁਰੰਗਮ ਸਾਰਥ ਤਾਂ ਖਿਣ ਭੀਤਰ ਮਾਰੇ । ਘਨਨਾਦ ਬਡੀ ਉਰ ਲਾਜਭਈ ਕੁਪ ਔਰ ਭਏ ਰਥ ਮੈਂ ਅਸਵਾਰੇ । ਤਿਨ ਬਾਂਧਲਏ ਹਨੂਮਾਨ ਉਮਾਂ ਚਤੁਰਾਨਨ ਫਾਸ ਕਰੇ ਸਤਕਾਰੇ ॥ ੫੩ ॥ ਦੋਹਰਾ ॥ ਰਾਵਣ ਪਾਸ ਲਿਜਾਨ ਹਿਤ ਹਨੂੰਮਾਨ ਲਏ ਬਾਂਧ । ਹਰਖੇ ਪਰਕੇ ਸਗਲ ਜਨ ਵਿਪਤਿ ਨ ਜਾਨੈਂ ਆਂਧ ॥ ੫੪ ॥ ਕਬਿਤੁ ॥ ਜਾਹਿੰ ਨਾਂਮ ਭਜ ਜਗ ਬੰਧਨ ਕੋ ਲੋਕ ਭਜ ਕੋਟ ਰਵਿ ਭਾਸੁਰ ਸੁ ਰਾਂਮ ਪਦ ਪਾਇਹੈਂ। ਤਿਨਹੀਂ ਕੋ ਪਾਦਕੰਜ ਧਰ ਰਿਦਕੰਜ ਹਨੂੰਮਾਂਨ ਬਲਵਾਂਨ ਨਹਿੰ ਫਾਸਕੈ ਫਸਾਇਹੈਂ । ਸਮਸੂ ਬੰਧ ਹੀਨ ਰਾਮ ਸੇਵਕ ਪ੍ਰਬੀਨ ਬਲ ਭਯੋ ਨਹੀਂ ਛੀਨ ਇਹ ਘਾਤ ਮੈਂ ਨ ਆਇਹੈਂ । ਰਾਮ ਬਲਧਾਰੀ ਚਹੋਂ ਕਥਾ ਬਿਸਥਾਰੀ ਗਢ ਲੰਕ ਨਿਜ ਸੇਵਕ ਤੇ ਕੌਤਕ ਦਿਖਾਇਹੈਂ ॥ ੫੫ ॥ ਇਤਿ ਸ੍ਰੀ ਮਤ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਸੁੰਦਰ ਕਾਂਡੇ ਤ੍ਰਿਤੀਯੋ ਧਜਾਇ ॥ ੩ ॥

ਸ੍ਰੀ ਮਹਾਂਦੇਵ ਉਵਾਚ ॥

ਸਵੈਯਾ ॥ ਫਾਸਿ ਪਰੀ ਗਲਿ ਆਵਤ ਹੈ ਹਨੁਮਾਨ ਮਨੋ ਭਰ ਭੌਨ ਨਿਹਾਰੇ। ਦੇਖਨ ਆਵਤ ਤਾਹਿੰ ਮਹਾਂਜਨ ਮੂਠ ਹਨੇ ਸੁ

ਭੁਲਾ ਸਿਰ ਮਾਰੈ। ਫਾਸ ਗਈ ਚਤੁਰਾਨਨ ਕੀ ਖਿਣ ਸੰਗਮ ਕੈ ਹਨੂਮਾਨ ਨਿਹਾਰੈ । ਜਾਨ ਹਨੂੰ ਲਘੁ ਜੇਵਰੀ ਜਾਹਿੰ ਸੁ ਕਾਰਯ ਗੌਰਵ ਮਾਰ ਸਹਾਰੈ॥ ੧॥ ਜਿਹ ਠੌਰ ਦਸਾਨਨ ਮੱਧਿ ਸਭਾ ਮਘਵਾਜਿਤ ਤਾਹਿੰ ਹਨੂੰ ਪਹੁੰਚਾਏ । ਜਿਨ ਬਾਨਰ ਰਾਖਸ਼ ਮਾਰਦਏ ਗਲਿ ਫਾਸ ਪਰੀ ਸੁ ਪਿਖੋ ਕਪਿ ਆਏ । ਸੁ ਆਤਨ ਸਾਥ ਬਿਚਾਰ ਭਲੇ ਕਛ ਲਾਇਕ ਦੰਡ ਸੁ ਦੇਹ ਕਰਾਏ। ਇਹ ਲੌਂਕਕਿ ਬਾਂਨਰ ਨਾਹਿੰ ਅਹੇ ਮਘੁਵਾਜਿਤੁ ਭਾਖੁ ਸੁ ਭੌਨ ਸਿਧਾਏ ॥ ੨ ॥ ਢਿਗ ਆਹਿ ਬਜ਼ੀਰ ਪ੍ਰਹਸਤ ਬਡੋ ਤਿਨ ਪੇਖ ਸੁ ਰਾਵਣ ਵਾਕ ਅਲਾਏ। ਪ੍ਰਹਸੁ ਪੁਛੋ ਤੁਮ ਯਾ ਕਪਿ ਕੋ ਇਹ ਠੌਰ ਕਹੋ ਇਹ ਕਜੋਂ ਚਲਿਆਏ । ਇਹ ਕੌਨੈਂ ਕਾਜ ਕਹਾਂ ਤੇ ਚਲੇ ਕਿਨ ਹੈ ਇਨ ਕੋ ਇਹ ਠੌਰ ਪਠਾਏ । ਬਨ ਕਾਹਿ ਨਮਿਤ ਹਨੇ ਹਮਰੇ ਪੁਨ ਕਾਹਿ ਨਮਿਤ ਸੁ ਰਾਖਸ਼ ਘਾਏ ॥ ੩ ॥ ਤਬ ਸਾਦਰ ਤਾਹਿੰ ਪ੍ਰਹਸਤ ਕਹੇ ਕਪਿ ਕੌਨਹਿ ਤੂੰ ਇਹ ਠੌਰ ਪਠਾਏ। ਮੁਖ ਸਾਚ ਕਹੋ ਇਹ ਰਾਜ ਸਭਾ ਡਰਨਾਹਿੰ ਕਰੋ ਹਮ ਦੇਂਹ ਛਡਾਏ । ਹਰਖੇ ਹਨੁਮਾਨੁ ਸੁਨੀ ਬਤੀਆਂ ਤਬ ਰਾਵਣ ਓਰ ਖਰੌ ਮੁਖ ਚਾਏ। ਪਿਖਰਾਵਣ ਲੋਕ ਤ੍ਰਿਕੰਟਕ ਕੋ ਹਨੁਮਾਨ ਤਬੈ ਇਹ ਭਾਂਤਿ ਸੁਨਾਏ॥ ੪ ॥ ਪੁੰਨ ਕਥਾ ਰਘਨੰਦਨ ਕੀ ਕਹਨੈਂ ਹਿਤ ਰਾਮ ਚਿਤੇ ਮਨ ਮਾਹੀਂ । ਸੁਨਿ ਦੇਵਨ ਕੇ ਰਿਪ ਰਾਮ ਕੋ ਦੂਤ ਸੁ ਮੈਂ ਹਰਿਜੀ ਸਭ ਕੇ ਉਰ ਮਾਹੀਂ । ਜਿਨਕੀ ਪਤਿਨੀਂ ਨਿਜ ਨਾਸ ਨਮਿੱਤ ਸੁ ਤੋਹਿ ਹਰੀ ਬਨ ਦੰਡਕ ਮਾਹੀਂ । ਜਿਮ ਪਾਵਨ ਆਹੁਤ ਸ੍ਨਾਨ ਹਰੇ

ਕਛੁ ਅੰਤਰ ਪਾਇ ਸੁ ਯਾਗਨ ਮਾਹੀ ॥ ੫ ॥ ਸੋ ਰਘੁਨਾਥ ਸੁਗ੍ਰੀਵ ਕਿ ਸਾਥ ਮਤੰਗ ਧਰਾ ਧਰ ਮੀਤ ਭਏ ਹੈਂ। ਬਾਲਨ ਮਾਰ ਸੁ ਏਕਹਿੰ ਬਾਨ ਸੁਗ੍ਰੀਵ ਕਿ ਸੀਸਹਿ ਛਤ੍ਰ ਦਏ ਹੈਂ। ਬਾਨਰ ਰਾਜ ਬੁਲਾਇ ਮਹਾਂ ਕਪਿ ਕੋਟ ਪਤੀ ਇਕ ਠੌਰ ਕਏ ਹੈਂ। ਸਾਨੁਜ ਰਾਮ ਸਮੇਤ ਕਪੀਂਦਰ ਮਾਹਿੰ ਪ੍ਰਵਰਖਣ ਕੋਪ ਭਏ ਹੈਂ ॥ ੬ ॥ ਸਿਯ ਸੋਧਨ ਕੌ ਕਪਿ ਨਾਥ ਬੁਲਾਇ ਸੁ ਬਾਨਰ ਦੇਸਹਿ ਦੇਸ ਪਠਾਏ । ਤਿਨਮੈ ਇਕ ਪੌਨ ਕੁਮਾਰ ਹਨੂੰ ਸੀਅ ਢੂੰਢਤ ਹੈ ਤੁਮਰੇ ਪੁਰ ਆਏ। ਮਮ ਵਾਰਜ ਨੈਨ ਸੁ ਸੀਅ ਪਿਖੀ ਕਪਿ ਤੇ ਬਨ ਪਾਰ ਸਭੈ ਫਲ ਖਾਏ। ਸਰ ਚਾਂਪ ਲਏ ਮਮ ਮਾਰਨ ਕੋ ਵਹਿ ਆਇ ਹਤੇ ਇਕ ਰਾਖਸ਼ ਘਾਏ ॥ ੭ ॥ ਤਨ ਰਖਨ ਕੇ ਹਿਤ ਦੈਤ ਹਨੇ ਸਭ ਜੀਵਨ ਕੋ ਤਨ ਰਾਜਨ ਪਜਾਰੇ। ਚਤੁਰਾਨਨ ਫਾਸ ਸੁ ਬਾਧ ਹਮੈ ਇਹ ਲਜਾਤ ਭਏ ਘਨਨਾਦ ਤੁਮਾਰੇ। ਬਿਧ ਕੇ ਬਰ ਮੈ ਛੁਹਿ ਫਾਸ ਗਈ ਦਸ ਕੰਠ ਨਹੀ ਅਬ ਲੇਹੁ ਬਿਚਾਰੇ। ਮਿਸ ਬੰਧਨ ਕੈ ਇਹ ਠੌਰ ਅਯੋ ਹਿਤ ਭਾਖਨ ਧੀ ਕਰੁਨਾ ਰਸ ਭਾਰੇ ॥ ੮ ॥ ਗੀਯਾਮਾਲਤੀ ਛੰਦ ॥ ਵਿਚਾਰ ਰਾਵਣ ਲੋਕ ਗਤਿ ਪਿਖ ਰਾਖਸੀ ਮਤਿ ਨਾ ਗਹੋ। ਸੰਸਾਰ ਤੇ ਜੋ ਮੋਖ ਕਰਣੀ ਦੈਵਗਤ ਉਰਮੈ ਗਹੋ। ਬਿਧ ਵੰਸ ਉਤਮ ਤੂੰ ਭਯੋ ਵਿਸੁ ਸ਼੍ਰੁਮਾਤੇ ਪਿਤ ਭਾਨੀਏ। ਪੁਲਸਤ ਦਾਦਾ ਆਹਿ ਤੋਹਿ ਕੁਬੇਰ ਬਾਂਧਵ ਜਾਨੀਏ ॥ ੯ ॥ ਸਵੈਯਾ ॥ ਤਨੁ ਆਤਮ ਬੁਧ ਨ ਰਾਖਸ਼ ਹੈ ਦਿਜ ਦੇਹ ਸਭੈ ਤੁਮਰੀ ਜਗ ਜਾਨੈ । ਪੁਨਿ ਆਤਮ ਬੁਧ ਨ

ਰਾਖਸ਼ ਹੈ ਘਨ ਆਨੰਦ ਤੂੰ ਇਮ ਬੇਦ ਪ੍ਰਮਾਨੈ। ਤਨ ਬੁਧਿ ਸੁਖਾਦਿਕ ਤੋਹਿ ਨਹੀਂ ਸੁ ਬਿਕਾਰ ਬਿਹੀਨਹਿ ਬੇਦ ਬਖਾਨੈ। ਅਗਿਆਨ ਜਨੇ ਭਵ ਬੰਧਨ ਤੇ ਵਹਿ ਝੂਠ ਅਹੇ ਗੁਣ ਸ੍ਰਾਪ ਸਮਾਨੈ ॥ ੧੦ ॥ ਕਬਿਤ ॥ ਕਹੋ ਸਾਚ ਦੈਤਰਾਈ ਤੋਹਿ ਵਿਕ੍ਰਧਾ ਨ ਕਾਈ ਸੁ ਬਿਕਾਰ ਹੇਤ ਦ੍ਵੈਤ ਤਵ ਰੰਚ ਨਹੀ ਠਾਨੀਏ। ਸਰਬ ਠੌਰ ਜਜੋਂ ਅਕਾਸ਼ ਲੇਪਤੇ ਉਦਾਸ ਤਨ ਮਾਹਿ ਤਿਮ ਸੂਖਮ ਹੀ ਆਪਕੋ ਪਛਾਨੀਏ। ਦੇਹ ਨੈਨ ਪ੍ਰਾਣ ਜਨ ਆਤਮ ਪਛਾਨ ਸਭ ਭਏ ਬੰਧਵਾਨ ਇਹ ਨੀਤ ਉਰ ਆਨੀਏ। ਅਖਰ ਅਨੰਦ ਚਿਦਕੰਦ ਅਜ ਆਪਿ ਪਿਖ ਬੰਧਨ ਬਿਹੀਨ ਜਨ ਬੇਦ ਕੈ ਬਖਾਨੀਏ ॥ ੧੧ ॥ ਭ੍ਰਮਕੋ ਵਿਕਾਰ ਤਨ ਆਤਮ ਨ ਧਾਰ ਨਹਿ ਪ੍ਰਾਨ ਨਿਜ ਆਤਮਾ ਸੁ ਪੌਨ ਹੀ ਨਿਹਾਰੀਏ। ਹੰਕਾਰ ਕੋ ਵਿਕਾਰ ਮਨ ਆਤਮਾ ਨਿਹਾਰ ਨਹੀਂ ਬੁਧਿ ਤੋ ਪ੍ਰਕ੍ਰਿਤਿ ਕੇ ਵਿਕਾਰ ਜਾ ਉਚਾਰੀਏ। ਆਤਮ ਅਨੰਦ ਘਨ ਨਾਹਿ ਹੈ ਵਿਕਾਰ ਅਨਿ ਦੇਹਤੇ ਵਿਲਖਣ ਸੁ ਨੀਕੇ ਕੈ ਬਿਚਾਰੀਏ। ਨਿਰੰਜਨ ਉਪਾਧਿ ਬਿਨ ਆਤਮ ਕੋ ਜਨਮ ਨ ਰਾਖਸ਼ ਕੈ ਰਾਈ ਜਗ ਬੰਧ ਕੋ ਨਿਵਾਰੀਏ ॥ ੧੨ ॥ ਸਾਧਨ ਸੁਬੰਧ ਹਾਨ ਕਰੌਂ ਮੈ ਬਖਾਨ ਅਬ ਸਾਵਧਾਨ ਹੋਇ ਕੈ ਸੁ ਰਾਵਨ ਸੁਨੀਜੀਏ। ਬੁਧ ਮਲ ਹਰੋ ਭਤੁ ਗਿਆਨ ਉਰਿ ਧਰੋ ਪੁਨ ਧਾਹਿ ਕੇ ਨਮਿਤ ਸੇਵ ਬਿਸ਼ਨ ਕੀ ਸੁ ਕੀਜੀਏ। ਵਿਸੁਧਤਤ ਗਜਾਨ ਨਿਜ ਆਤਮ ਪਛਾਨ ਪਦ ਪੂਰਨ ਮਹਾਨ ਅਬ ਪਾਇ ਏਕ ਲੀਜੀਏ। ਪ੍ਰਕ੍ਰਿਤਿ ਪਰੇ ਰਾਮ ਅਬ ਭਜੀਏ ਸੋ ਕਾਮ

ਤਜਿ ਭੂਲ ਚੂਕ ਗਏ ਅਬ ਬੈਰ ਡਾਰ ਦੀਜੀਯੇ ॥ ੧੩ ॥
ਜੋਈ ਸਰਣਿ ਪਰੇ ਰਾਮ ਤਾਂਹਿ ਸੋਂ ਸਨੇਹੁ ਕਰੇ ਜਾਨਕੀ ਕੋ
ਪੂਜ ਅਬ ਸੰਗ ਤਾਂਹਿ ਲੀਜੀਏ। ਸੁਤ ਬਾਂਧਵ ਮਿਲਾਇ ਰਾਮ
ਪਾਂਇ ਪਰੋ ਜਾਇ ਨਾਥ ਭੂਲ ਚੂਕ ਗਏ ਅਬ ਮੋਹਿ ਬਖਸ਼ੀ
ਜੀਏ। ਲਏਂ ਤੂੰ ਉਬਾਰ ਵਹ ਹੈਂ ਉਦਾਰ ਦਯਾਵੰਤ ਰਾਮ
ਭਗਵੰਤ ਮਮ ਕਹਜੋ ਸੋਈ ਕੀਜੀਏ । ਰਾਮ ਸੇਵ ਕਰੇ ਬਿਨ
ਕਾਹੁਕੋ ਨ ਕਾਜ ਸਰੇ ਕੈਸੇ ਭੁਵ ਸਿੰਧ ਤਰੇ ਦੁਖਹੀਂ ਪਯੀ-
ਜੀਏ॥ ੧੪॥ ਜੌ ਨ ਸੇਵ ਕਰੇਂ ਤੌ ਅੱਗਜਾਨ ਆਗ ਜਰੇਂ ਨਿਜ
ਆਤਮਕੇ ਸਾਥ ਤਿਨ ਆਪ ਵੈਰੁ ਠਾਨਿਯੋ। ਜਿਨਕੌ ਨ ਬੋਧ
ਨਿਜ ਪਾਤਕ ਨਰੋਧ ਕੀਨੋ ਮੋਖ ਕੀ ਨ ਸ਼ੰਕਾ ਭਵ ਹੋਇ ਮਮ
ਜਾਨਿਯੋ। ਅੰਮ੍ਰਿਤ ਸਮਾਨ ਹਨੂਮਾਨ ਜੋ ਬਖਾਨ ਕਰੇ ਸੁਨਿ
ਕੈ ਦਸਾਨਨ ਸੁ ਕ੍ਰੋਧ ਉਰਮਾਨਿਯੋ। ਕਰੇ ਦ੍ਰਿਗ ਲਾਲ ਜਨ
ਪਾਵਕ ਕਰਾਲ ਸੁ ਚਬਾਇ ਦੰਤ ਮਾਲ ਹਨੂੰਮਾਨ ਕੋ ਬਖਾ
ਨਿਯੋ॥ ੧੫॥ ਕਪਿ ਦੁਸ਼ ਮਤਿ ਤੇਰੀ ਤੈ ਨ ਲਖੀ ਗਤਿਮੇਰੀ
ਕਪਿ ਨੀਚ ਸੁ ਅਭੀਤ ਮਮ ਕੈਸੇ ਕੈ ਬਖਾਨ ਹੈਂ। ਕੌਨ ਹੈ ਰੇ
ਰਾਮ ਸੁੱਗ੍ਰੀਵ ਕੋ ਨ ਨਾਂਮ ਜਾਨੋ ਦੋਊ ਮਾਰ ਡਾਰੋਂ ਤਬ ਮੋਹੁ
ਬਲ ਜਾਨ ਹੈਂ। ਤੋਹਿਕੋ ਸੁ ਮਾਰ ਪੁਨ ਜਾਨਕੀ ਉਤਾਰ
ਸਿਰ ਰਾਮ ਲਖਮਨ ਹਨੋਂ ਕਾਹੂਕੀ ਨ ਕਾਂਨ ਹੈਂ। ਪੁਨਿਹਨੋਂ
ਕਪਿ ਰਾਈ ਜੋਊ ਭਏ ਹੈਂ ਸਹਾਈ ਬਲਿ ਬਾਂਨਰ ਕੀ ਮਾਰੋਂ
ਤਬ ਮੋਹਿ ਕੋ ਪਛਾਨ ਹੈਂ॥ ੧੬ ॥ ਸੁਨਿਕੈ ਲੰਕੇਸ਼ ਬਾਨੀ
ਕੋਪਿਯੋਭਵਾਨੀ ਹਨੂਮਾਨ ਤਾਹਿ ਉਪਮਾਂ ਸੁ ਪਾਵਕ ਕੀ ਦੀਜੀਯੇ

। ਰਾਵਣ ਕਰੋਰ ਮੇਰੇ ਜੋਰ ਕੈ ਸਮਾਨ ਨਾਹੀਂ ਰਾਮਚੰਦ ਦਾਸ ਮੈਂ ਸੁ ਏਹੀ ਜਾਨ ਲੀਜੀਏ। ਸੁਨਿ ਹਨੂੰਮਾਨ ਵਾਕ ਕੋਪ ਕੈ ਲੰਕੇਸ਼ ਇਕ ਰਾਖਸ਼ ਬੁਲਾਇ ਕਹਜੋ ਬੇਗ ਇਹੁ ਕੀਜੀਏ । ਦੈਂਤ ਸੁਤ ਨਾਰਿ ਸਭ ਲੇਹ ਯੌਂ ਨਿਹਾਰ ਅਬ ਯਾਹਿ ਕਪਿ ਕੁੰਜਰ ਕੋ ਖੰਡ ਖੰਡ ਕੀਜੀਏ ॥ ੧੭ ॥ ਆਯੁਧ ਉਠਾਇ ਪਰੋ ਦੈਂਤ ਇਕ ਧਾਇ ਤਿਹ ਦੌਰ ਆਪ ਜਾਇ ਸੁ ਵਿਭੀਖਣ ਨਿਵਾਰਿਯੋ। ਬਾਨਰਸੁਦੂਤ ਯਹਿ ਛਡੋ ਹੈ ਸੁਪੂਤ ਸੁਨਿ ਰਾਜਨ ਕੇ ਰਾਈ ਯਹਿ ਬਨੈਂ ਨਹੀਂ ਮਾਰਿਯੋ। ਰਾਮ ਪਾਸ ਬਾਤ ਕੌਨ ਕਹੈਗੋ ਬੱਖਜਾਤ ਜਬ ਰਾਮਕੇ ਪਛਾਨ ਯਹਿ ਦੂਤ ਹੀ ਬਿਦਾ ਰਿਓ। ਬੁੱਧ ਕੇ ਸਮਾਂਨ ਕਛੁ ਆਨ ਹੀ ਬਿਚਾਰ ਕਰ ਯਾਹਿਕੇ ਸ਼ਰੀਰ ਪਰ ਚਿੱਨ੍ਹ ਬਨੈਂ ਧਾਰਿਓ ॥ ੧੮ ॥ ਬਿਖ ਬਾਨਰ ਸ਼ਰੀਰ ਸੁਗਰੀਵ ਰਘੁਬੀਰ ਕਛੁ ਭੁਜਾਬਲ ਹੋਇਗੋ ਤੋ ਲਰੇ ਤਬ ਆਇਕੈ। ਵਿਭੀਖਣ ਕੀ ਬਾਤ ਲਈ ਮਾਂਨ ਬਖਿਯਾਤ ਤਿਨ ਰਾਖਸ਼ਾਂ ਕੇ ਰਾਈ ਦੈਤ ਭਾਖਿਯੋ ਬੁਲਾਇਕੈ। ਬਾਂਨਰ ਕੋ ਮਾਂਨ ਸੁ ਲੰਗੂਰ ਮੈਂ ਮਹਾਂਨ ਸਦਾ ਭਾਹਿੰਕੈ ਸੁ ਸਾਥ ਦਿਜੈ ਪਾਟ ਲਪਟਾਇਕੈ। ਪੁਰਮੈਂ ਭ੍ਰਮਾਇ ਪੋਂਛ ਪਾਵਕ ਜਰਾਇ ਪਿਖ ਸਾਖਾ ਮ੍ਰਿਗ ਹਾਲ ਦਿਜੈ ਭਾਹਿੰਪੈ ਪਠਾਇਕੈ ॥ ੧੯ ॥ ਪੁਰਪਾਟ ਸਾਣ ਭਾਟ ਔਰ ਰੇਸ਼ਮੀ ਦੁਸ਼ਾਲੇ ਸਭ ਪੁੰਛਸੋਂ ਲਪੇਟ ਲਾਇ ਖ਼ਾਸਕੀ ਵਿਛਾਵਣੇਂ । ਤੇਲ ਸੋ ਭਿਗਾਇ ਦੈ ਕੈ ਪੁੰਛ ਲਪਟਾਏ ਕਛੁ ਪਾਵਕ ਜਰਾਇ ਲਗੇ ਦੈਂਤ ਬਿਗਸਾਵਨੇ । ਜੋਵਰੇ ਸੋਂ ਬਾਂਧ ਹਨੂੰਮਾਨ ਬਲਵਾਂਨ ਲਖ ਚੋਰ ਚੋਰ ਭਾਖ

ਲਗੇ ਪੁਰ ਮੇਂ ਭ੍ਰਮਾਵਨੇ । ਪੀਠ ਢੋਲ ਕੋ ਬਜਾਇ ਇਕ ਈਂਟ ਕੋ ਚਲਾਇ ਸਿਰ ਠੀਂਗਾ ਇਕ ਮਾਰ ਲਰੇ ਗਾਰੀਕੋ ਸੁਨਾਵਨੇਂ ॥੨੦॥ ਵਾਯੁ ਕੋ ਕੁਮਾਰ ਉਮਾ ਸਹੇ ਸਿਰ ਮਾਰ ਕਹੁ ਮਨ ਮੇਂ ਬਿਚਾਰ ਸੋਈ ਚਲੇਗੋ ਦਿਖਾਇਕੈ। ਗਏ ਚਾਂਦ ਪੌਲ ਧਾਏ ਤਨ ਬੰਧਨ ਛੁਡਾਏ ਹਨੂਮਾਨ ਤਨ ਆਪਨੋਂ ਸੁ ਸੂਖਮ ਬਨਾਇਕੈ। ਗਿਰ ਸੋਂ ਅਕਾਰ ਕੈ ਉਪਾਰ ਪੁਰ ਦੁਆਰ ਲਯੋ ਲੋਹ ਥੰਭ ਹਾਥ ਪਰੋ ਫੇਰ ਕਿਲਕਾਇਕੈ। ਜੇਈ ਹੁਤੇ ਰਖਵਾਰੇ ਹਨੂੰਮਾਨ ਸਭ ਮਾਰੇ ਫੇਰ ਅੰਜਨੀਂ ਕੁਮਾਰ ਰਾਜ ਭੌਨ ਚਢੇ ਧਾਇਕੈ ॥ ੨੧ ॥ ਕੂਦ ਕੂਦ ਕੈ ਅਟਾਰੀ ਹਨੂੰਮਾਨ ਸਭ ਜਾਰੀ ਕਿਲਕਾਰ ਪੌਂਛ ਪਾਵਕ ਸੁ ਪੁਰਕੋ ਪ੍ਰਜਾਰ ਹੈ। ਪੀਛੇ ਪਾਵਕ ਜਰਾਇ ਆਗੇ ਭਾਗੇ ਮਾਰ ਖਾਇ ਘਰ ਤੋਰਨ ਜਰਾਇ ਸੁ ਮਹਾਜਨ ਕੋ ਮਾਰ ਹੈ। ਹਾਇ ਸੁਤ ਹਾਇ ਪਤਿ ਹਾਇ ਮਾਇ ਭ੍ਰਾਇ ਬਾਪ ਰਾਖਸ਼ ਕੀ ਨਾਰੀ ਯਾਹਿ ਆਲਜਾ ਪੁਕਾਰ ਹੈਂ । ਪ੍ਰਸਾਦਿ ਸਿਰ ਚਰੈਂ ਤਾਹਿ ਪਾਵਕ ਸੋਂ ਜਰੈਂ ਫਿਰ ਭੂਮ ਆਗ ਪਰੇ ਜਨ ਦੇਵਤਾ ਪਧਾਰ ਹੈਂ ॥ ੨੨॥ ਔਰ ਪੁਰ ਜਾਰਿਓ ਸੁ ਲੋਗਨ ਕੋ ਮਾਰਿਓ ਵਿਭੀਖਣ ਕੋ ਜਾਨ ਘਰ ਏਕ ਹੀ ਉਬਾਰਿਓ। ਕੂਦ ਜਲ ਸਿੰਧ ਪਰੇ ਪੌਛਕੋ ਬੁਝਾਇਕਰ ਹੋਇ ਸਾਵਧਾਨ ਹਨੂੰਮਾਨ ਕਿਲਕਾਰਿਓ । ਪੌਨ ਆਗਿ ਮੀਤਾ ਕਰੀ ਬੇਨਤੀ ਸੁ ਸੀਤਾ ਭਏ ਪਾਵਕੁ ਸੁਸੀਤਾ ਨਾਲੰਗੂਰ ਕਪਿ ਜਾਰਿਓ । ਜਾਹਿ ਨਾਂਮਕੋ ਚਿਤਾਰ ਸਭ ਪਾਪਨ ਉਤਾਰ ਜਗ ਤੀਨਤਾਪ ਪਾਵਕ ਸੁ ਰਾਮ ਜਨ ਮਾਰਿਓ॥ ੨੩ ॥ ਦੋਹਰਾ ॥ ਤਿਨ

ਰਘੁਵਰ ਕੋ ਦੂਤ ਯਹ ਉਤਮ ਪੌਨ ਕੁਮਾਰ। ਪ੍ਰਾਕ੍ਰਿਤ ਪਾਵਕ ਤਾਹਿ ਕੋ ਸਕੈ ਨ ਗਿਰਜਾ ਜਾਰ॥ ੨੪ ॥ ਇਤਿ ਸ੍ਰੀ ਮਤਿ ਅਧਮਾਤਮ ਰਾਮਾਇਣੇ ਉਮਾ ਮਹੇਸ਼ੁਰ ਸੰਬਾਦੇ ਸੁੰਦਰਕਾਂਡੇ ਚਤੁਰਥੋ ਧਿਆਇ ॥ ੪ ॥

ਸ੍ਰੀ ਮਹਾਂ ਦੇਵ ਉਵਾਚ ॥ ਕਬਿਤ ॥

ਸੀਅ ਢਿਗ ਜਾਇ ਫੇਰ ਸੀਸ ਕੋ ਨਿਵਾਇ ਹਨੂਮਾਨ ਕਹਜੋ ਮਾਇ ਮੁਹਿ ਆਇਸੁ ਸੁ ਦੀਜੀਏ। ਬੇਗ ਤਾਹਿ ਜਾਊਂ ਸਮਾ ਚਾਰ ਸੁ ਸੁਨਾਊਂ ਤਵ ਪਿਖੇਂ ਰਘੁਬੀਰ ਅਬ ਇਹਾਂਹੀ ਅਨੀ ਜੀਏ। ਐਸੇ ਭਾਖ ਤੀਨ ਸੁ ਪ੍ਰਦਖਣਾ ਬਨਾਇ ਦਈ ਕਰਕੈ ਪ੍ਰਣਾਮ ਕਹੈ ਮਾਤ ਸੁਨਿ ਲੀਜੀਏ। ਦੇਵਤੋਕਲਜਾਨਅਬ ਕਰੋਂ ਮੈਂ ਪਯਾਨ ਰਘੁਬੀਰ ਕੋ ਲਜਾਊਂ ਨਿਜ ਨੈਨ ਸੁ ਦਿਖੀਜੀਏ ॥੧॥ ਲਖਮਣ ਸੰਗ ਸੁ ਅਨੰਗ ਸੇ ਸੁਹਾਇ ਰਹੇ ਬਾਨਰਕੋ ਰਾਈ ਕਪਿ ਕੋਟਨ ਮਿਲਾਇਕੈ। ਸੁਨਕੈ ਸੋ ਬਾਤ ਸੀਅ ਰਹੀ ਬਿਲਖਾਤ ਜੀਅ ਫੇਰਿ ਤਿਨ ਕਹਜੋ ਹਨੂਮਾਨ ਕੋ ਸੁਨਾਇਕੈ। ਤੂੰ ਤੋ ਅਬਿ ਜਾਹਿ ਸੁਖਿ ਹੋਇ ਪਥਿ ਮਾਹਿੰ ਕਪਿ ਤੋਹਿਕੋ ਨਿਹਾਰ ਦੁਖ ਦਏ ਥੇ ਭੁਲਾਇਕੈ। ਫਾਂਤੇ ਉਪਰਾਂਤਿ ਅਬ ਜੀਵਨੋ ਸੁ ਜਾਤਿ ਮੇਰੋ ਰਾਮ ਬਾਤ ਸੁਨੇ ਬਿਨ ਮਰੋਂ ਬਿਖ ਖਾਇਕੈ ॥ ੨ ॥ ਝੂਲਣਾ ॥ ਕਹੀਂ ਜਾਇਕੈ ਸੋਮ ਸ੍ਰੀ ਰਾਮ ਕੋ ਤੂੰ ਪੁਰੀ ਲੰਕ ਮੈਂ ਜਾਨਕੀ ਜੀਵਤੀ ਹੈ। ਦਿਨਾਂ ਥੋੜਿਆਂ ਮੈ ਤਜੇਂ ਪ੍ਰਾਣ ਕੌ ਸੋ ਨਹੀਂ ਖਾਵਤੀ ਨੀਰ ਨਾ ਪੀਵਤੀਹੈ। ਲਿਖੇ ਲੋਹ

ਕਾਲੰਮ ਵਿਜੋਗ ਤੇ ਜੀ ਘਨੇ ਦੁਖ ਸੋਂ ਜੀਵ ਸੰਤਾਵਤੀ ਹੈ। ਬਹੀ ਜਾਇ ਹੈ ਦੁਖ ਕੇ ਸਿੰਧ ਮੈ ਜੀ ਧਰੇ ਧੀਰ ਆਲੰਬ ਨਾ ਪਾਤਵੀ ਹੈ॥ ੩ ॥ ਚਲੇ ਜਾਂਦਿਨਾਂ ਨਾਥ ਸੰਕੇਤ ਤੇ ਜੀ ਭਲੇ ਦੁਖ ਸੋਂ ਤੀਨ ਆਰੰਨ ਆਏ। ਪਿਖੇ ਹੇਮ ਕੁਰੰਗ ਮੈ ਪਾਪ ਨੀ ਜੀ ਕਹਾਨਾਥ ਕੋ ਆਨ ਲੈ ਬਾਨ ਧਾਏ। ਹਤੋਹਾਬਿਧੇ ਰਾਖਸੋ ਮਿਤ੍ਰ ਮੋਕੋਂ ਪਰੋ ਬੈਨ ਆਭਾਗਤੇ ਕਾਨ ਮੇਰੇ। ਪਿਛੋ ਸੋ ਮਸੇ ਤਾਹਿਕੇ ਭ੍ਰਾਤ ਕੋ ਜੀ ਬੁਰਾ ਬੋਲ ਮੈ ਤੋਰਿਓ ਤਾਹਿੰਓਰੋ ॥੪॥ ਨਹੀਂ ਚਾਹਤੀ ਹੇਮ ਕੋਰੰਗ ਕੋ ਜੋ ਹਨੂਮਾਨ ਨ ਦੌਰਤੇ ਨਾਥ ਮੇਰੇ। ਹੁਤੀ ਰਾਮ ਸਮੀਪ ਇਹ ਜਾਨਕੀ ਜੋ ਹੁਤੋ ਕੌਨ ਸਮਰਥ ਜੋ ਮੋਹਿ ਹੇਰੇ। ਕਹੀਂ ਜੋੜਕੇ ਹਾਥ ਸੋਮਿਤ੍ਰ ਸੇਤੀ ਕਹੀਂ ਜਾਨਕੀ ਤੋਹਿ ਕੋ ਨੈਕਵਾਰੀ। ਖਿਮਾ ਕੀਜੀਏ ਮੈ ਬੁਰੇ ਬੈਨ ਕੀ ਜੀ ਤੁਹੀਂ ਰਾਮਕੋਂ ਭ੍ਰਾਤ ਮੇ ਸੁਖਕਾਰੀ॥੫॥ਹਨੁਮਾਨੋਵਾਚ॥ ਸ੍ਰੈਯਾ ॥ ਜੋ ਮਨ ਮੈਂ ਇਹ ਭਾਂਤਿ ਸੁਨੋ ਤਬ ਮੋਹਿ ਸਿਕੰਧਨ ਪੈ ਚਢਿ ਲੀਜੈ ।ਰਾਮ ਕੇ ਸਾਥ ਮਿਲਾਇ ਦਯੋਂ ਖਿਣ ਭੀਤਰ ਮਾਤ ਸੁ ਬੇਰ ਨ ਕੀਜੈ। ਜੋ ਰੁਚ ਹੋਇ ਚਲੋ ਅਬਹੀਂ ਜਬ ਰਾਮ ਰਿਸੇ ਤਬ ਮੋ ਬਖਸ਼ੀਜੈ। ਸਿੰਘ ਗੁਲਾਬ ਕਹੇ ਗਿਰਜਾ ਪਤਿ ਪਾਰਬਤੀ ਸੀਯ ਵਾਕ ਸੁਨੀਜੈ ॥੬॥ ਸੀਤੋ ਵਾਚ ਸਵੈਯਾ॥ ਰਾਮਸੁਕਾਇ ਸੁ ਸਾਗਰ ਕੋ ਪੁਨਿ ਕੈ ਸਰ ਪੰਜਰ ਸੇਤ ਬਨਾਵੈ। ਬਾਨਰ ਸੈਨ ਮਿਲਾਇ ਸੁ ਆਇਕੈ ਰਾਵਣ ਕੇ ਦਸ ਸੀਸ ਉਡਾਵੈ। ਫੇਰ ਲਜਾਇ ਸੁ ਮੋਂ ਪੁਰਮੈ ਰਘੁਬੀਰ ਭਖੈ ਜਗ ਮੈਂ ਜੱਸ ਪਾਵੈ। ਮੈ ਅਬ ਪ੍ਰਾਣ ਰਖੋਂ ਹਠ ਕੈ ਤੁਮ ਬੇਗ ਚਲੋ ਪਥ ਦੇਰ ਨ

ਲਾਵੇ ॥੭॥ ਇਹ ਭਾਂਤਿ ਚਲੇ ਹਨੂੰਮਾਨ ਤਬੈ ਸੀਅ ਪਾਦਨ ਮੈ ਅਭਿਬੰਦਨ ਧਾਰੇ। ਗਿਰ ਸਿਰ ਕੂਦ ਚੜੇ ਹਨੂਮਾਨ ਸੁ ਜਾਵਨ ਹੇਤ ਮਹੋਦਧਿ ਪਾਰੇ। ਗਿਰਤੇ ਕਪਿ ਕੂਦ ਅਕਾਸ਼ ਚੜੈ ਪਦ ਭਾਰਧ ਸੇ ਗਿਰ ਭੂਮਿ ਮਝਾਰੇ। ਗਿਰ ਯੋਜਨ ਤੀਸ ਉਚਾਨ ਹੁਤੋ ਭਧ ਭੂਮਿ ਸਮਾਨ ਹਨੂ ਪਦ ਮਾਰੇ॥ ੮॥ ਸੁਤ ਮਾਰੁਤ ਮਾਰਤ ਬੇਗ ਅਕਾਸ਼ ਚਵੇ ਮੁਖਿ ਮੈਂ ਘਨਸੇ ਕਿਲਕਾਰੇ। ਸੁਨਿਕੈ ਉਤ ਬਾਨਰ ਬੋਲ ਉਠੇ ਨਭਿ ਆਵਤ ਹੈ ਯਹਿ ਵਾਯੁ ਕੁਮਾਰੇ। ਮੁਖ ਗਾਜਤ ਔ ਹਰਖੇ ਉਰ ਮੈਂ ਪਲਵੰਗਮ ਯਾਂ ਬਿਧ ਬੈਨ ਉਚਾਰੇ॥ ਕਿਲਕਾਰਨ ਤੇ ਹਮ ਜਾਨਤ ਹੈਂ ਹਨੁਮਾਨ ਅਏ ਕਰ ਕਾਰਜ ਸਾਰੇ॥ ੯॥ ਕਬਿਤ॥ ਅੰਜਨੀ ਕੁਮਾਰ ਯਹ ਆਵਤ ਨਿਹਾਰ ਲੇਹੁ ਐਸੇ ਕਪਿ ਕਹੈ ਹਨੂਮਾਨ ਪਹੁਤੋ ਆਇਕੈ। ਊਪਰ ਪਹਾਰ ਜਹਾਂ ਬਾਨਰ ਸ੍ਰਿ ਦਾਰ ਖਰੇ ਤਹੀਂ ਤਿਨ ਆਇ ਇਹ ਕਹਜੋ ਹੈ ਸੁਨਾਇਕੈ। ਜਾਨ ਕੀ ਨਿਹਾਰ ਸੁ ਅਸ਼ੋਕ ਬਨੀ ਪਾਰ ਸੁਤ ਰਾਵਣ ਕੋ ਮਾਰ ਪੁਰ ਲੰਕ ਮੈਂ ਜਰਾਇਕੈ। ਰਾਵਣ ਸੇ ਬਾਤ ਕਰ ਤਾਂਕੋ ਅਭਿਮਾਨ ਹਰਿ ਫੇਰ ਕੂਦ ਆਯੋ ਕਛੁ ਹਾਥ ਮੈ ਦਿਖਾਇਕੈ ॥੧੦॥ਚਲੇ ਰਘੁਰਾਈ ਕਪਿਰਾਈ ਕੇ ਸਮੀਪ ਅਬ ਹਨੂੰਮਾਨ ਕਹਜੋ ਸਭ ਸਮਾਂਚਾਰ ਪਾਯੋ ਹੈ। ਸੁਨਿਕੈ ਸੁਕੀਸ ਬਾਤ ਭਏ ਪੁਲਕਾਤ ਸਭ ਅੰਜਨੀ ਕੁਮਾਰ ਕੋ ਬਨਾਇ ਗਲ ਲਾਯੋ ਹੈ। ਚੁੰਬਤ ਲੰ ਗੂਲ ਕੋਈ ਛੂਲ ਮਲ ਨਾਚੇ ਕੋਈ ਕੋਈ ਪੁਨਿਭਾਖੇ ਕਛੂ ਫਲ ਮੂਲ ਖਾਯੋ ਹੈ। ਮਿਲਕੈ ਸੁ ਹਨੁਮਾਨ ਚਲੇ ਬਲਵਾਨ ਕਪਿ

ਰਾਮ ਸੁਗ੍ਰੀਵ ਗਿਰ ਮਨ ਮੈ ਤਕਾਇਓ ਹੈ॥੧੨॥ ਪਥ ਸੁ ਗ੍ਰੀਵ ਬਨ ਪੇਖ ਲਲਚਾਨੇ ਮਨ ਮੱਧ ਬਨ ਨਾਮ ਸਮ ਨੰਦਨ ਭਨੀਜੀਯੇ। ਅੰਗਦ ਬੁਲਾਇ ਕਪਿ ਕਹਜੋ ਸਮਝਾਇ ਹਮ ਭੂਖ ਲਗੀ ਬਡੀ ਖਾਹਿੰ ਆਇਸ ਸੁ ਦੀਜੀਏ। ਫਲ ਤੋਰ ਖਾਇ ਕਪਿ ਪੇਟ ਮੈਂ ਅਘਾਇ ਅਬ ਅੰਮ੍ਰਿਤ ਸਮਾਨ ਮਧ ਪਾਂਨ ਬਲਿ ਕੀਜੀਏ। ਹੀਯੇਹਰਖਾਇ ਫੇਰ ਚਲੇ ਬੇਗ ਧਾਇ ਲਘੁ ਭ੍ਰਾਤਕੇ ਸਮੇਤ ਰਘੁਰਾਇ ਕੋ ਪਿਖੀਜੀਯੇ ॥ ੧੨॥ ਕੀਏ ਹਨੁਮਾਨ ਕਾਜਿ ਯਾਹਿਕੇ ਪ੍ਰਸਾਦਿ ਮਧੁਫਲ ਫੂਲ ਖਾਹੁ ਕਪਿ ਸਤਮਥਨਾਇਕੈ। ਸੁਨੀ ਯੌਂ ਭਵਾਨੀ ਜਬ ਅੰਗਦ ਕੀ ਬਾਨੀ ਕਪਿ ਤੋਰ ਫਲ ਖਾਇ ਮਧ ਪੀਏ ਹਰਖਾਇਕੈ। ਰਖਵਾਰੇ ਜੋ ਨਿਵਾਰੇ ਤਬ ਗਾਰੀਆਂ ਨਿਕਾਰੇ ਦਧਿ ਮੁਖਿ ਜੋ ਪਠਾਏ ਤਿਨ ਦਏ ਦਿਖਰਾਇ ਕੈ। ਮਧੁ ਪੀਏ ਮਤਵਾਰੇ ਜੀਏ ਤਾਹਿ ਕੋ ਸੁ ਮਾਰੇ ਤਿਨ ਮੂਠਨ ਪ੍ਰਹਾਰ ਸਿਰ ਲਾਤ ਮਾਰੇ ਧਾਇਕੈ ॥੧੩॥ ਦਧਮੁਖਿ ਕੋਪਕੈ ਸੁ ਗਯੋ ਸੁਗ੍ਰੀਵ ਢਿਗ ਮਾਤੁਲ ਕਪੇਸ਼ ਕੋ ਸੁ ਜਾਇ ਕੈ ਪੁਕਾਰਿਓ। ਲੀਨ ਰਖਵਾਰੇ ਸੰਗ ਟੂਟੇ ਜਿਨ ਅੰਗ ਅੰਗ ਜੋਈ ਮਧੁਬਨ ਚਿਰਕਾਲ ਪ੍ਰਤਿ ਪਾਰਿਓ। ਭਾਂਹਿ ਬਰੇ ਕਪਿ ਧਾਇ ਮਧੁਪੀਏ ਫਲ ਖਾਇ ਅਬ ਅੰਜਨੀ ਕੁਮਾਰ ਵਹਿ ਬਾਗਹੀਂ ਉਜਾਰਿਓ। ਸੁਨਿ ਕਪਿਰਾਈ ਮੁਖ ਬੋਲੇ ਹਰਖਾਈ ਸੀਯ ਦੇਖ ਹਨੂੰ ਆਏ ਹਮ ਐਸੇ ਨਿਰਧਾਰਿਯੋ ॥ ੧੪ ॥ ਬਿਨਾਂ ਸੀਯ ਦੇਖੇ ਮਧੁ ਬਨ ਕੋ ਨਿਹਾਰੇ ਐਸੇ ਕੋਊ ਬ੍ਰਹਮਚਿਤ ਕਪਿ ਨੈਨ ਮੈ ਨ ਆਯੋ ਹੈ। ਫਾਰੁਕੇ ਕੁਮਾਰ

ਕਰੇ ਕਾਰਯ ਮੁਰਾਰ ਸੁ ਸੰਦੇਹਿ ਨਾਹਿੰ ਰੰਚ ਤਿਨ ਬਾਗ ਮਮ ਖਾਯੋ ਹੈ। ਸੁਨਿਕੈ ਸੁਗ੍ਰੀਵ ਬਾਂਨੀ ਭਏ ਹਰਖਾਨੀ ਹਰਿ ਰਾਮ ਘਨਿਸ਼ਾਮ ਕਪਿ ਨਾਥਕੋ ਅਲਾਯੋ ਹੈ॥ਸੀਯ ਕਥਾ ਹੈ ਉਦਾਰ ਪੁਨਿ ਜਾਹਿੰ ਕੇ ਮਝਾਰ ਕਪਿ ਰਾਜਨ ਸੋ ਐਸੋ ਤੁਮ ਕਿਯਾ ਮੁਖ ਗਾਯੋ ਹੈ॥੧੫॥ਉਮਾ ਕਪਿਨਾਥ ਰਘੁਨਾਥ ਕੇ ਅਲਾਏ ਬਚ ਦੇਵ ਸੁ ਬਿਦੇਹਜਾ ਨਿਹਾਰ ਕਪਿ ਆਏ ਹੈਂ ॥ ਅੰਜਨੀਕੁਮਾਰ ਲਾਰ ਬਰੇ ਮਧੁ ਬਨਕਪਿ ਡਾਰੁ ਡਾਰੁ ਮੇਰੋ ਮਧ ਕਾਨਨ ਲੁਟਾਏ ਹੈਂ। ਰਖੁਵਾਰੇ ਬਨਮਾਰੇ ਤਿਨ ਬਾਗਤੇ ਨਿਕਾਰੇ ਮਧ ਕਾਨਨ ਉਜਾਰੇ ਸਭ ਤੋਰ ਫਲ ਖਾਏ ਹੈਂ। ਬਿਨਾਂ ਕਾਜ ਕਰੇ ਤੇਰੇ ਮਧੁ ਬਨ ਕੌਨ ਹੇਰੇ ਦੇਖ ਦੇਵ ਆਏ ਸੀਯ ਯਾਹੀਂ ਤੇ ਸੁ ਪਾਏ ਹੈਂ ॥ ੧੬॥ ਦੋਹਰਾ ॥ ਬਨ ਪਾਲਕ ਤੁਮ ਛਰੋ ਮਤ ਜਾਵੋ ਆਇਸੁ ਮਾਨ। ਮਮ ਸਮੀਪ ਕਪਿ ਲਿਆਹੁ ਤੁਮ ਅੰਗਦ ਔ ਹਨੁਮਾਨ ॥੧੭ ॥ ਕਬਿੱਤ॥ ਸੁਨਿ ਸੁਗ੍ਰੀਵ ਬਾਤ ਭਏ ਪੁਲਕਾਤ ਕਪਿ ਵਾਯੁ ਬੇਗ ਗਏ ਸੁ ਪਠਾਏ ਕਪਿ ਨਾਹਕੇ। ਅੰਗਦ ਉਦਾਰ ਪੁਨਿ ਵਾਯੁ ਕੇ ਕੁਮਾਰ ਚਲੋ ਆਇਸ ਕਪੇਸ਼ ਬਲਿਹਾਰ ਜੱਯੇ ਰਾਹਕੇ। ਚਹੇ ਕਪਿਰਾਈ ਰਘੁਰਾਈ ਲਖਮਣ ਭਾਈ ਦਰਸ ਤਿਹਾਰੇ ਮਨ ਭਏ ਉਤ ਸਾਹਕੇ। ਆਇਸੁ ਕਪੇਸੁ ਮਾਂਨ ਚਲੇ ਬਲਵਾਂਨ ਕਪਿ ਕੂਦ ਕੈ ਅਕਾਸ਼ ਪਖਿ ਭੂਖ ਉਰ ਲਾਹਿ ਕੇ॥ ੧੮ ॥ ਹਨੂਮਾਨ ਅੰਗਦ ਅਗਾਰੀ ਤੇ ਪਛਾਰੀ ਭਏ ਰਾਮ ਸੁਗ੍ਰੀਵ ਕੇ ਸਮੀਪ ਗਏ ਧਾਇਕੈ। ਕਰੀ ਅਸ਼ਟਾਂਗ ਪਰਣਾਮ ਤਿਨ ਰਾਮ ਫਿਰ

ਧਾਇ ਜਾਇ ਗਹੇ ਪਦ ਕੰਜ ਕਪਿ ਰਾਇ ਕੇ। ਦੇਖੀ ਸੀਅ ਥਾਰੀ ਸੁ ਅਰੋਗ ਤਨ ਸਾਰੀ ਹਨੂੰਮਾਨ ਰਘੁਨਾਥ ਫੇਰ ਕਹਜੋ ਹੈ ਸੁਨਾਇਕੇ। ਰਾਜਨ ਕੇ ਰਾਈ ਰਘੁਰਾਈ ਸੀਯ ਸੋਚ ਵੰਤ ਕੁਸਲ ਪਠਾਯੋ ਸੁ ਵਿਦੇਹਜਾ ਅਲਾਇਕੇ ॥ ੧੯ ॥ ਅਸ਼ੋਕ ਬਨ ਮਾਹੀਂ ਤਰੁ ਸਿੰਸਪਾਤ ਛਾਂਹੀ ਰਾਮ ਬੈਠੀ ਹੈ ਇਕੇਲੀ ਨ ਸਹੇਲੀ ਮਨ ਭਾਨੀਆਂ। ਰਹੈਂ ਰਾਖਸੀ ਚੁਫੇਰੇ ਨਹਿ ਰਾਜਕੇ ਸੁ ਜਾਇ ਨੇਰੇ ਭਈ ਨਾਥ ਦੂਬਰੀ ਸੁ ਪੀਏ ਨਹੀਂ ਪਾਨੀਆਂ। ਮੁਖ ਹਾਇ ਰਾਮ ਰਾਮ ਸੀਯ ਕਹੇ ਸਭ ਜਾਮ ਤਨ ਅੰਬਰ ਮਲੀਨ ਸੋਚ ਕਰੇ ਕੁਮਲਾਨੀਆਂ। ਕੇਸਨ ਕੀ ਏਕ ਬੇਨੀ ਸੋਚ ਜਲਜਾਇ ਨੈਨੀ ਪੇਖੀ ਜਾਇ ਮੋਹਿ ਮਤਿ ਪ੍ਰਾਣ ਨਾਸ ਠਾਨੀਆਂ ॥ ੨੦ ॥ ਦੋਹਰਾ ॥ ਬ੍ਰਿੱਖ ਸ਼ਾਖ ਮੈਂ ਬੈਠ ਮਮ ਸੂਖਮ ਰੂਪ ਬਨਾਇ। ਕੀਨੋ ਭਾਂਹਿ ਸੰਬੋਧ ਮਮ ਕਥਾ ਸੁ ਤਾਹਿੰ ਅਲਾਇ ॥ ੨੧ ॥ ਕਬਿਤ ॥ ਜਨਮ ਬਖਾਨੇ ਥਾਰੇ ਦੰਡਕ ਪਧਾਰੇ ਦਸਕੰਠ ਸੀਯ ਹਰੀ ਸੁ ਕੁਰੰਗ ਰਾਮ ਜੂ ਧਏ। ਸੁਗ੍ਰੀਵ ਕੇ ਸੁ ਮੀਤ ਭਏ ਬਾਲੀ ਤਨ ਪ੍ਰਾਨ ਹਏ ਸੀਯ ਸੋਧ ਕਾਜ ਕਪਿ ਰਾਜ ਦੂਤ ਹੈ ਗਏ। ਮਹਾਂਬਲਵਾਨ ਸਭ ਦੇਸ ਮੈ ਨਿਹਾਰੇ ਸੀਯ ਤਿਨਮੈ ਸੁ ਏਕ ਹਮ ਗਢ ਲੰਕ ਮੇ ਅਏ ॥ ਅੰਜਨੀ ਕੋ ਪੂਤ ਸੁਗ੍ਰੀਵ ਕੇ ਵਜੀਰ ਹਮ ਰਾਮ ਰਘੁਰਾਇ ਕੇ ਸੁ ਦਾਸ ਜਗਮੈ ਭਏ ॥ ੨੨ ॥ ਜਾਨਕੀ ਨਿਹਾਰੀ ਫਲੈ ਭਾਗ ਭਾਲਭਾਰੀ ਪਰਯਾਸ ਭਏ ਭਾਰੀ ਅਬ ਲਏ ਫਲ ਖਾਇਕੈ। ਐਸੀ ਸੁਨਿ ਬਾਨੀ ਹਰਖਾਨੀ ਸੁ ਬਿਦੇਹਜਾ ਚਿਤਾਰੇ ਚਹੂ ਓਰ

ਦ੍ਰਿਗ ਰਹੇ ਬਿਗਸਾਇਕੈ। ਅੰਮ੍ਰਿਤ ਸਮਾਨ ਸੁਭ ਅੱਖਰ ਮ ਹਾਂਨ ਕਿਨਿ ਕਾਂਨ ਮੈਂ ਹਮਾਰੇ ਬਚ ਦਏ ਹੈਂ ਸੁਨਾਇਕੈ। ਸਾਚ ਜੋ ਬਖਾਨਿਯੋ ਦਜਾਲ ਯਹ ਕਾਹੂੰਜਨ ਰਾਮਦੂਤ ਦਰਸ ਦਿਖਾਇ ਮਮ ਆਇਕੈ ॥ ੨੩ ॥ ਤਬ ਬਾਨਰ ਅਕਾਰ ਧਰ ਸੁਖਮ ਮੁਰਾਰਿ ਮਮ ਦੂਰ ਹੂੰ ਤੇ ਬੰਦਨਾ ਸੁਜਾਨਕੀ ਕੋ ਧਾਰੀਆ। ਦੁਰੇ ਹਾਥ ਮੋਹਿ ਪਿਖੇ ਪੂਛਿਯੋ ਬਿਸੇਖ ਸੀਯ ਕਹੀ ਸਮਝਾਇ ਮਮ ਭਾਖ ਕਥਾ ਬਾਰੀਆ । ਫੇਰ ਦਈ ਸੁੰਦਰੀ ਕੋ ਮੁੰਦਰੀ ਨਿਕਾਲ ਮਮ ਦਈ ਪ੍ਰਭਿ ਆਪਿ ਪੇਖੀ ਜਨਕਕੁਮਾਰੀਆ। ਪੇਖ ਭਵ ਮੁੰਦਰੀ ਪ੍ਰਤੀਤ ਭਈ ਸੁੰਦਰੀ ਸੁ ਮੋਹਿ ਪ੍ਰਭਿ ਰਾਮ ਤਿਨ ਬਾਤ ਹੈ ਉਚਾਰੀਆ ॥ ੨੪॥ ਸਵੈਯਾ ॥ ਜਿਹ ਭਾਂਤਿ ਪਿਖੀਂ ਹਨੁਮਾਨਤੁਮੇ ਮਮ ਰਾਖਸੀਆਂ ਦਿਨ ਰਾਤ ਡਰਾਵੈਂ।ਰਘੁਬੀਰਹਿ ਪਾਸ ਸਭਾ ਬਿਧਿ ਤੂੰ ਹਨੁਮਾਨ ਯਥਾਵਤ ਜਾਇ ਸੁਨਾਵੈਂ । ਤਬ ਮੋਹਿ ਕਹਜੋ ਰਘੁਬੀਰ ਸੀਆ ਤੁਮ ਕੋ ਨਿਸਬਾਸੁਰ ਰਾਮ ਧਿਆਵੈਂ । ਇਹ ਆਂਵਨਕੀ ਇਮਢੀਲਭਈ ਰਘੁਬੀਰ ਨਹੀਂ ਤਵ ਸਾਰ ਸੁਪਾਵੈਂ ॥ ੨੫ ॥ ਕਬਿੱਤ ॥ ਮਾਤ ਅਬ ਜਾਊਂ ਤੇਰੀ ਸਾਰ ਸੁ ਸੁਨਾਊਂ ਸਭ ਸੁਨਿਕੈ ਸੁ ਰਾਮ ਤਵ ਸਾਰ ਹਰਖਾਇ ਹੈਂ । ਰਾਮ ਕਪਿਰਾਈ ਲਖਮੰਨ ਤਿਨ ਭਾਈ ਕਪਿ ਸੈਨਿ ਕੋ ਮਿਲਾਇ ਸੁ ਸਮੀਪ ਤੋਹਿ ਆਇ ਹੈਂ । ਕੁਲਕੇ ਸਮੇਤ ਸੁ ਦਸਾਨਨਕੋ ਮਾਰਰਣ ਮਨੁ ਰਜਧਾਨੀ ਪੁਨਿ ਤੋਹਿਕੋ ਲਜਾਇ ਹੈਂ । ਦੀਜੈ ਕੋ ਨਿਸਾਨੀ ਪੁਨਿ ਏਹ ਮੈ ਬਖਾਨੀ ਜਿਹ ਹੇਰ ਰਘੁਬੀਰ ਪੁਨਿ ਮੋ ਮੈ ਪਤੀਆਇ ਹੈਂ

॥ ੨੬ ॥ ਐਸੇ ਮੋਹਿ ਵਾਕਸੁਨਿ ਦਈ ਤਿਨ ਚੂੜਾਮਣਿ ਕੇਸ ਪਾਸ ਮਾਹ ਹੁਤੀ ਔਰ ਸੁਨਿ ਲੀਜੀਏ। ਚਿੜ੍ ਕੂੰਟ ਮਾਹੀਂ ਭਏ ਕਾਕ ਬਿਰਤਾਂਤ ਜੋਈ ਰਾਮ ਰਘੁਬੀਰ ਕੋ ਸੰਦੇਸ ਵਹੀ ਦੀਜੀਏ। ਨੈਨ ਭਰਵਾਰ ਤਿਨ ਕੀਓ ਹੈ ਉਚਾਰ ਪੁਨਿ ਰਾਮ ਸੁਖ ਧਾਮ ਕੋ ਸੁ ਕੁਸ਼ਲ ਭਨੀਜੀਏ। ਲਖਮਣ ਪਾਸ ਕਹੀਂ ਹਾਥ ਜੋਰ ਮੇਰੇ ਅਤਿ ਕਹੇ ਬਚ ਖੋਟੋ ਕੁਲ ਚੰਦ ਬਖਸ਼ੀਜੀਏ ॥ ੨੫ ॥ ਰਾਮ ਜਜੋਂ ਤਰਾਇ ਮਮ ਕਰੀਏ ਉਪਾਇ ਸੋਈ ਕਿਰਪਾ ਨਿਧਾਨ ਤੁਮ ਕੁਲ ਪਰਧਾਨੀਆਂ। ਐਸੇ ਤੁਉਚਾਰ ਅਤਿ ਰੋਇ ਦ੍ਰਿਗਵਾਰ ਜਾਇ ਸੋਚ ਸਿੰਧ ਬਹੀ ਭਈ ਦੁਖ ਗਲ ਭਾਨੀਆਂ। ਕਰ ਮੈਂ ਸੰਕੋਧ ਸੀਯ ਸੋਚਕੋ ਨਿਰੋਧ ਕਰ ਰਾਮ ਬਲ ਕਥਾ ਸਭ ਭਾਂਹਿ ਕੋ ਬਖਾਨੀਆਂ। ਫੇਰ ਭਾਂ ਪਠਾਯੋ ਆਯੋ ਰਾਮ ਕੇ ਸਮੀਪ ਅਬ ਆਵਨੇ ਕੇ ਕਾਲ ਮੈਂ ਅਸ਼ੋਕਬਨੀ ਭਾਨੀਆਂ ॥ ੨੮ ॥ ਅਸ਼ੋਕ ਬਨ ਪਾਰ ਰਖਵਾਰਿਓਂ ਕੋ ਮਾਰ ਸੁਤ ਰਾਵਣ ਬਿਦਾਰ ਬਹੁ ਰਾਖਸ਼ ਬਿਦਾਰਕੈ।ਰਾਵਣਸੋਬੋਲ ਚਾਲ ਭਾਂਕੋ ਬਲ ਭੋਲਤਾਲ ਜਾਲ ਗਢਲੰਕ ਆਯੋ ਕਾਜ ਤੇ ਸਵਾਰਕੈ। ਹਨੂੰਮਾਨਵਾਕਸੁਨਿਗੁਨਿਕੇਨਿਧਾਨਪ੍ਰਭੁ ਰਾਮ ਹਰ ਖਾਇ ਉਰ ਕਹਜੋ ਹੈ ਉਚਾਰਕੈ। ਹਨੂਮਾਨ ਕਾਜ ਤੇ ਮਹਾਂਨ ਕਰੇ ਐਸੇ ਜਗ ਦੇਵਤਾ ਤੇ ਹੋਇ ਨਾਹਿ ਬਡੇ ਦੁਖ ਧਾਰਕੈ ॥ ੨੯ ॥ ਦੋਹਰਾ ॥ ਤੋਹਿ ਕਏ ਉਪਕਾਰ ਜੋ ਭਾਂਹਿ ਬਰਾਬਰ ਜੋਇ। ਮੈਂ ਹਨੂਮਾਨ ਨਿਹਾਰਿਓਂ ਪਾਵੋਂ ਨਾਹੀ ਸੋਇ ॥ ੩੦ ॥ ਕਬਿਤ ॥ ਮੋਹਿ ਸਰਬੰਸ ਜੋਈ ਦੇਉਂ ਹਨੂਮਾਨ ਸੋਈ

ਭਾਖ ਰਘੁਬੀਰ ਹਨੂਮਾਨ ਗਲ ਲਾਯੋ ਹੈ। ਰਾਮ ਦ੍ਰਿਗ ਵਾਰ ਉਰ ਪ੍ਰੇਮਕੈ ਉਦਾਰ ਅਤਿ ਆਪ ਰਘੁਨਾਥ ਹਨੂੰਮਾਨ ਕੋ ਅਲਾਯੋ ਹੈ। ਮੋਹਿ ਪਰਿਭ ਸੁ ਦੁਲੰਭ ਹੈ ਜਗਤਮੈਂ ਪਰਾਤਮਾਂ ਕੋ ਅੰਗ ਬਿਨ ਸੇਵਕ ਨ ਭਾਯੋ ਹੈ। ਤੂੰਤੋ ਮਮ ਭਗਤਿ ਸੁ ਰਕਤ ਪਦਾਰ ਬਿੰਦ ਪਜਾਰੋ ਅਤਿ ਮੋਰੋ ਨਾਹਿ ਤੋਹਿ ਤੈ ਲੁਕਾਯੋ ਹੈ ॥ ੩੧ ॥ ਸ੍ਰੀ ਮਹਾਂਦੇਵਉਵਾਚ ॥ ਸਵੈਯਾ ॥ ਜਿਨਕੇ ਪਦਪੰਕਜ ਕੋ ਤੁਲਸੀ ਦਲ ਪੂਜਤ ਹੀ ਜਨ ਤਾਂਪਦ ਪਾਏ ॥ ਤਿਨਹੀ ਰਘੁਬੀਰ ਉਮਾ ਹਨੁਮਾਂਨ ਸੁ ਆਪਿ ਲਏ ਗਲ ਮਾਹਿ ਲਗਾਏ। ਹਨੂਮਾਨ ਕੇ ਪੁੰਨ ਸੰਬੂਹ ਜਿਤੇ ਜੁਗ ਕੋਟਨ ਕੈ ਨਹਿੰ ਜਾਤ ਬਤਾਏ। ਜਗ ਸੁੰਦਰ ਕਾਂਡ ਕੀ ਏਹ ਕਥਾ ਕਬਿ ਸਿੰਘਗੁਲਾਬ ਸੁ ਦੀਨ ਸੁਨਾਏ॥ ੩੨॥ ਇਤਿ ਸ੍ਰੀ ਮਤ ਅੱਧਜਾਤਮ ਰਾਮਾਇਣੇਂ ਉਮਾਂ ਮਹੇਸ਼ੁਰ ਸੰਬਾਦੇ ਸੁੰਦ੍ਰ ਕਾਂਡੇ ਪੰਚਮੋਂ ਧਜਾਇ ਸਮਾਪਤੰ ਮਸੁ ਸੁਭ ਮਸੁ ਸੁਭ ਭਵਤੇ॥ ੫ ॥

ਸੁੰਦਰ ਕਾਂਡ ਸੰਪੂਰਣੰ ॥

ਅਥ ਯੁੱਧ ਕਾਂਡ ਲਿਖਯਤੇ ॥

ਸਵੈਯਾ ॥ ਸਾਗਰ ਸੇਤੁ ਬਨਾਇ ਜਿਨੇ ਗਢਲੰਕ ਪਤੀ ਰਣਮੰਡਲ ਮਾਰੇ। ਸੀਯ ਉਧਾਰ ਉਬਾਰ ਵਿਭੀਖਨ ਰਾਜ ਵਿਭੀਖਨ ਕੇ ਭੁਜਧਾਰੇ। ਬਾਨਰ ਸੈਨ ਜਿਵਾਇ ਦਈ ਚਢ

ਮਾਹਿੰ ਵਿਮਾਂਨ ਸੁ ਦੇਸ ਪਧਾਰੇ। ਭਾਂ ਪਰਮਾਤਮ ਰਾਘਵ ਕੋ ਕਰਜੋਰ ਦੋਊ ਅਭਿਬੰਦ ਹਮਾਰੇ॥ ੧ ॥ ਸ੍ਰੀ ਮਹਾਂਦੇਵਉਵਾਚ ॥ ਸੋਰਠਾ ॥ ਸੁਨੀ ਯਥਾਰਥ ਬਾਤ ਹਨੂੰਮਾਨ ਗਿਰਜਾ ਕਹੀ। ਰਾਮ ਹਰਖ ਬਿਖਜਾਤ ਫੇਰ ਰਾਮ ਤਾਂਸੋ ਕਹੈਂ ॥ ੨ ॥ ਸਵੈਯਾ ॥ ਦੁਹਿ ਸਾਧ ਅਹੇ ਜਗ ਦੇਵਨ ਕੋ ਹਨੂੰਮਾਨ ਅਏ ਕਰ ਕਾਰਜ ਸੋਈ। ਜਗ ਤੇ ਬਿਨ ਆਹਿ ਸੁ ਕਾਰਜਕੋ ਮਨ ਮਾਹਿੰ ਚਿਤਾਰ ਸਕੋ ਨਹਿ ਕੋਈ। ਸਤ ਯੋਜਨ ਭੀਮ ਪਯੋਨਿਧ ਕੋ ਤਰ ਪਾਰ ਪਰੇ ਬਲ ਕਾਮਹਿ ਹੋਈ। ਪੁਰ ਰਾਖ਼ਸ ਲੰਕ ਸੁ ਪਾਲਤ ਹੈਂ ਸੁ ਪਿਖੋਂ ਨਹਿ ਤਾਹਿ ਵਿਧੁੰਸਕ ਜੋਈ ॥ ੩ ॥ ਕਬਿਤ ॥ ਸੇਵਕ ਕੋ ਕਾਜ ਕਰ ਆਯੋ ਹਨੂੰਮਾਨ ਸਭ ਸੁਨਿ ਸੁਗ੍ਰੀਵ ਯਹਿ ਕਹੇ ਸਮਝਾਇਕੈ। ਹਨੂੰਮਾਨ ਕੇ ਸਮਾਨ ਦੂਤ ਭੁਵਿ ਮੰਡਲ ਨ ਭਯੋ ਨਹਿੰ ਹੋਇਗੋ ਸੁ ਪਿਖੋ ਮਨ ਲਾਇਕੈ। ਰਾਮ ਰਘੁਵੰਸ਼ ਲਖਮੰਨ ਸੁਗ੍ਰੀਵ ਸਭ ਕਰੈ ਰੱਛ ਪਾਲ ਸਾਰ ਜਾਨਕੀ ਲਿਆਇਕੈ। ਕਰੈ ਸਭ ਭਾਂਤਿ ਇਨਕਾਰਜ ਇਕੰਤ ਮਮ ਜਾਨਕੀ ਕੀ ਸਾਰ ਯਾਹਿ ਲਜਾਯੋ ਹੈ ਬਨਾਇਕੈ ॥ ੪ ॥ ਮਨਮੈ ਚਿਤਾਰ ਧਾਰ ਸਾਗਰ ਕੀ ਛਰੈ ਮਨ ਨੱਕਰਤਿ ਮਿੰਗੁਲ ਸਮੀਨ ਹੈ ਭਯਾਨ ਕੀ। ਯੋਜਨ ਅਸੀਤ ਬੀਸ ਪਾਰ ਪਰੋ ਕੈਸੇ ਅਰਿ ਮਾਰਿ ਸੰਗਰਾਮ ਮੈਂ ਸੁ ਪਿਖੋਂ ਕਬ ਜਾਨਕੀ। ਸੁਨ ਕੈ ਭਵਾਨੀ ਰਘੁਨਾਥ ਕੀ ਸੁ ਬਾਨੀ ਯਹਿ ਕਹੀ ਕਪਿ ਨਾਥ ਬਾਤ ਲਾਇਕੈ ਸਿਆਨ ਕੀ। ਨਕਰਤਿ ਮਿੰਗਲ ਅਪਾਰ ਜਾਹਿੰ ਧਾਰ ਮਾਹਿੰ ਲਾਂਘ ਜਲ ਸਿੰਧ ਹਮ ਜਾਂਹਿੰ ਸੁ ਅਚਾਨ

ਕੀ ॥ ੫ ॥ ਅਬੈ ਲੰਕ ਜਾਹਿਂਗੇ ਸੁ ਘਾਂਹਿਗੇ ਦਸਾਨਨ ਕੋ ਕਾਰਜ ਬਿਨਾਸਨੀ ਨ ਚਿੰਤ ਉਰ ਧਾਰੀਏ। ਬਲ ਹੈ ਅਪਾਰ ਭੁਜ ਬਾਨਰ ਸ੍ਰਿਦਾਰ ਆਏ ਮਹਾਂ ਸੂਰ ਬੀਰ ਰਾਮ ਨੈਨ ਕੈ ਨਿਹਾਰੀਏ। ਰਾਮ ਤੋਰੇ ਕਾਜ ਪਰੇ ਆਗ ਮਾਹਿ ਧਾਇ ਕਪਿ ਸਾਇਰ ਤੇ ਤਰਨ ਉਪਾਇਕੋ ਬਿਚਾਰੀਏ। ਲੰਕ ਕੇ ਨਿਹਾਰੇ ਦਸਕੰਠ ਰਣ ਮਾਰੇ ਪਿਖੋ ਕਹੀਹੈ ਸੁਨਾਇ ਮਤ ਏਹਹੈ ਹਮਾ ਰੀਏ ॥ ੬ ॥ ਤੀਨ ਲੋਕ ਮਾਹਿ ਬਲ ਐਸੋਕੁ ਨਿਹਾਰੋ ਨਾਹਿ ਗਹੈ ਧਨੁ ਤੇਰੇ ਰਹੈ ਆਗੈ ਠਹਿਰਾਇਕੈ। ਜੀਤ ਹੋਇਗੀ ਹਮਾਰੀ ਰਣ ਮੰਗਲ ਮਝਾਰੀ ਰਘੁਬੀਰ ਅਬ ਦੀਜੀਏ ਸੰਦੇਹ ਕੋ ਮਿਟਾਇਕੈ। ਸਭਨ ਉਦਾਰ ਜੀਤ ਕਹੇ ਬਾਰਬਾਰ ਸੁਗ੍ਰੀਵ ਬਚ ਕਹੇ ਏਵ ਧੀਰਯ ਬਨਾਇਕੈ। ਰਾਮਜੀ ਉਦਾਰ ਧਾਰ ਚੀਤ ਕੇ ਮਝਾਰ ਬਚ ਕਹਤ ਭਵਾਨੀ ਹਨੂਮਾਨ ਕੋ ਸੁਨਾਇ ਕੈ ॥ ੭ ॥ ਦੋਹਰਾ ॥ ਜਾਹਿ ਕਾਹਿ ਪਰਕਾਰ ਹਮ ਲਾਂਘੇਂ ਜਲ ਨਿਧ ਪਾਰ। ਲੰਕਾ ਪੁਰੀ ਸਰੂਪ ਜੋ ਕੀਜੇ ਮੋਹਿ ਉਚਾਰ ॥ ੮ ॥ ਦਾਨਵ ਦੇਵ ਅਸਾਧ ਹੈਂ ਤਾਂ ਸਰੂਪ ਉਰਜਾਨ। ਜੀਤਨ ਹੇਤ ਉਪਾਇ ਕੋ ਫੇਰ ਕਹੇ ਹਨੂੰਮਾਨ ॥ ੯ ॥ ਕਬਿਤ ॥ ਸੁਨਿ ਰਘੁਬੀਰ ਬਾਂਨੀ ਹਾਥ ਜੋਰ ਕੈ ਭਵਾਨੀ ਅੰਜਨੀਂ ਕੁਮਾਰ ਲਾਗੇ ਰਾਮ ਕੋ ਸੁਨਾਵਨੇਂ। ਦੇਵ ਜਿਉਂ ਨਿਹਾਰੀ ਅਬ ਕਰੋਂ ਤੇ ਉਚਾਰੀ ਦਿੱਬ ਪੁਰੀ ਹੈ ਅਪਾਰੀ ਬਾਗ ਬਨੇਂ ਘਨ ਸਾਵਨੇਂ। ਤ੍ਰਿਕੂਟ ਗਿਰ ਸੀਸ ਲੰਕ ਪੁਰੀ ਜਗਦੀਸ ਜਹਿ ਹੇਂਮ ਕੀ ਅਟਾਰੀ ਕੋਟ ਕਿੰਗਰੇ ਸੁਹਾਵਨੇਂ। ਪਰਿਖਾ ਅਪਾਰ ਭਾਰੀ

ਉਜਲਸੁਵਾਰੀਨਾਥਬਿਨਪਰਵਾਨੀ ਮਾਹਿ ਪੱਯੇ ਨਹਿੰਜਾਵਨੇਂ ॥ ੧੦ ॥ ਉਪਬਨ ਸੋਭਾ ਜਾਹਿੰ ਮਾਹਿੰ ਹੈ ਅਪਾਰ ਨਾਥ ਬਾਪੀਆ ਹਜ਼ਾਰ ਗ੍ਰਹਿ ਚੀਤਿ ਮਨ ਮਾਨੀਯੇ। ਜੰਬੂਨਦ ਥੰਭ ਜਾਹਿ ਮਨਿਨ ਸੌ ਖਚੈ ਅਤਿ ਕ੍ਰਾਂਤਿ ਹੈ ਅਪਾਰ ਮੁਖ ਕੈਸੇ ਕੈ ਬਖਾਨੀਯੇ। ਪਛਮ ਦੁਆਰ ਗਜ ਝੂਲਤ ਹਜਾਰ ਰਹੈ ਉੱਤ-ਰ ਦੁਆਰ ਅਸ੍ਵਾਹਿ ਪਹਿਚਾਨੀਯੇ। ਅਰਬੁਦ ਸੈਖ ਯਾ ਪਦਾਂਤੀ ਦਿਨ ਰਾਤੀ ਰਹੇ ਪੂਰਬ ਦੁਆਰ ਅਤਿ ਸਾਵਧਾਨ ਜਾਨੀਯੇ॥੧੧॥ਰਥਕੇ ਸਵਾਰ ਰਹੈਂ ਦੱਖਣ ਦੁਆਰਪ੍ਰਭੁ ਰਾਕਸ਼ ਹਜ਼ਾਰ ਭੁਜ ਬਲ ਕੈ ਬਿਸਾਲ ਹੈਂ। ਰਥ ਔ ਪਦਾਂਤੀ ਗਜ ਵਾਜੀ ਕੇ ਸਵਾਰ ਘਨੇਂ ਮਧਕਾ ਸ ਡੇਵਡੀਪਸਾਰੇਕਾਲਜਾਲਹੈਂ । ਆਯੁਧ ਬਿਸਾਰਦ ਸੁ ਸ਼ਾਮ ਘਨ ਬਾਦਰ ਸੇ ਸਦਾ ਦਿਨ ਰਾਤਿ ਗਢਲੰਕ ਪ੍ਰਤਿਪਾਲ ਹੈਂ। ਮੋਰਚੇ ਹਜਾਰ ਜਹਿ ਤੋਪਕਨ ਭਾਰ ਨਹੀਂ ਧੀਰਨ ਕੇ ਚੀਤ ਢਿਗ ਗਏ ਹੁੰਤੇ ਚਾਲ ਹੈਂ॥੧੨ ॥ ਐਸੇ ਗਢ ਲੰਕਕੋ ਕਲੰਕ ਸੈ ਲਗਾਇ ਆਯੋ ਸੁਨੋ ਰਘੁਬੀਰ ਭਾਂਹਿ ਕਾਜ ਤੋ ਹਮਾਰਿਆ। ਦਸਾਨਨ ਕੀ ਸੈਨਕੀ ਚੁਥਾਈ ਨਾਥ ਘਾਈ ਬਲ ਲੰਕ ਸੁ ਜਲਾਈਹੇਮ ਕੋਟ ਤੋ ਬਿਦਾਰਿਯਾ । ਤੋਪਨ ਕੋ ਤੋਰ ਭਾਰ ਮੋਰਚੇ ਸੁ ਫੋਰਫਾਰ ਭਗਤ ਵਿਭੀਖਨ ਕੋ ਗ੍ਰਹ ਮੈਂ ਉਬਾਰਿਯਾ। ਦੇਵਤੇ ਨਿਹਾਰੇ ਤੇ ਪਸਾਰੇ ਮੁਖ ਪਾਹਿ ਕਪਿ ਢੀਲ ਨਾ ਨਿਹਾਰੋ ਪਿਖੇ ਲੰਕ ਗਢ ਮਾਰਿਯਾ ॥ ੧੩ ॥ ਕੀਜੀਯੇ ਪਯਾਨ ਬਾਤ ਛੋਡੀਏ ਸਯਾਨ ਨਾਥ ਬਾਨਰ ਲਵਾਯ ਤਟ ਸਾਗਰ ਕੇ ਜਾਈਯੇ।ਸੁਨਿ ਹਨੂੰਮਾਨਵਾਕ ਧਨੁਖ

ਚਢਾਇ ਹਰਿ ਆਪ ਰਘੁਨਾਥ ਕਪਿਨਾਥ ਕੋ ਅਲਾਈਯੇ। ਸੁਨਿ ਕਪਿ ਰਾਇ ਸੁਭ ਸੈਂਨ ਕੋ ਬੁਲਾਇ ਮੁਖਿ ਦੇਹ ਤੂੰ ਅ ਲਾਇ ਅਬ ਸੈਨਕੋ ਚਲਾਈਯੇ। ਵਿਜਯ ਹੈ ਮਹੂਰਤ ਸੁਯਾਹੀ ਸਮੈਂ ਚਵੈਂ ਹਮ ਜਾਇ ਗਢਲੰਕ ਮਾਹਿ ਜੀਤ ਰਣ ਪਾਈਯੇ॥ ੧੪ ॥ ਦੋਹਰਾ ॥ ਸਪ੍ਕਾਰ ਦੁਰ ਧਰਖ ਜੋ ਲੰਕਾ ਰਾਖਸ਼ ਧਾਂਮ। ਜੀਤੇ ਯਾਹਿ ਮਹੂਰਤੇ ਰਾਵਨ ਹਨੁ ਸੰਗ੍ਰਾਮ॥ ੧੫ ॥ ਕਬਿਤ ॥ ਜਾਨਕੀ ਕੋ ਲਜਾਊਂ ਗਢਲੰਕ ਜੀਤ ਪਾਂਊਂ ਸੁਨਿ ਕਪਿਨ ਕੋ ਰਾਈ ਭੁਜ ਫੁਰੇ ਮਮ ਦਾਹਨੀਂ । ਬਾਨਰ ਜੋ ਬੇਗ ਧਾਰੀ ਚਲੇ ਸਭ ਸੈਨ ਬਾਰੀ ਸੁਨੋਂ ਕਪਿ ਨਾਥ ਬਾਤ ਬਨੇਗੀ ਨਿਬਾਹੁਨੀ। ਅਗਾਰੀ ਔ ਪਿਛਾਰੀ ਕਪਿ ਜੂਥਪ ਉਦਾਰੀ ਪੁਨਿ ਆਸ ਪਾਸ ਪਾਲੇ ਚਲੀ ਜਾਹਿੰ ਮਾਹਿੰ ਬਾਹਿੰਨੀ । ਹਨੂਮਾਂਨ ਕੋ ਸਵਾਰਿ ਹੋਇ ਮੈਂ ਅਗਾਰੀ ਚਲੋਂ ਅੰਗਦ ਕੁ ਭ੍ਰਾਤ ਮਮ ਚਲੋ ਤੁਮ ਸਾਹਨੀਂ ॥ ੧੬॥ ਗਜ ਔ ਗਵਾਖਗ ਮੈਂਦਵ ਦੁਵਿਤ ਨਲਨੀਲ ਔਸੁਖੇਣ ਜਾਂਮਵਾਂਨ ਬਲਧਾਰੀਯਾ॥ ਚਲੇ ਤੇ ਚੁਫੇਰੇ ਕੋਈ ਆਵਨੋਂ ਨ ਪਾਇ ਨੇਰੇ ਸੈਨ ਅਰਘਾਤ ਨੀਕੀ ਕਰੇ ਪ੍ਤਿਪਾਰੀਯਾ। ਐਸੋ ਤੋ ਅਲਾਇ ਭਟ ਬਾਨਰ ਬਤਾਇ ਲਘੁ ਭ੍ਰਾਤ ਕੋ ਲਵਾਇ ਚਢੇ ਰਾਮ ਵੈ ਮੁਰਾਰੀਯਾ। ਕਪਿਨਾਥ ਕੇ ਸਮੇਤ ਰਘੁਨਾਥ ਸੈਨ ਬੀਚ ਭਏ ਬਰਨੀਂ ਨਾ ਜਾਇ ਕਾਂਤ ਭਈ ਹੈ ਅਪਾਰੀਯਾ ॥ ੧੭ ॥ ਦੋਹਰਾ ॥ ਬਾਨਰ ਰਾਜ ਸਮਾਨ ਸਭ ਭੁਜ ਬਲਿ ਜਾਹਿ ਅਪਾਰ ॥ ਕਾਂਮਰੂਪ ਗਿਰਜਾ ਸਭੈ ਬਾਨਰ ਸੁਰ ਅਵਤਾਰ ॥ ੧੮ ॥

ਸਵੈਯਾ ॥ ਕਪਿ ਨਾਇਕ ਰਾਮ ਚਲੇ ਜਬਹੀ ਗਢ ਕੰਚਨ ਜੀਤਨ ਕੋ ਜਗ ਮਾਹੀ। ਥਰਰਾਇ ਉਠੀ ਸਗਲੀ ਧਰਨੀਂ ਖਰਰਾਟ ਭਯੋ ਗਰਵੇ ਗਿਰ ਮਾਹੀਂ। ਬਸੁਧਾ ਦਿਢ ਦਿੱਗਜ ਦਾਂਤ ਦਏ ਠਹਿਰਾਤ ਨਹੀਂ ਧਰਕੈ ਤਨੁਮਾਹੀ। ਬਿਧਲੋ ਭਮ ਡੋਲ ਉਠੇ ਸਗਲੇ ਕਪਿ ਭੂਧਰ ਸੇ ਉਚਟੇ ਧਰਮਾਹੀ ॥੧੯ ॥ ਕਪਿ ਖੇਲਤ ਕੂਦਤ ਗਾਵਤ ਹੈਂ ਇਹ ਭਾਂਤਿ ਚਲੇ ਦਿਸ ਦੱਖਣ ਮਾਹੀਂ। ਹਰਿ ਧਾਵਤ ਜਾਵਤ ਖਾਵਤ ਹੈ ਫਲ ਪਾਂਨ ਕਰੈਂ ਮਧੁ ਕੋ ਹਰਖਾਹੀਂ। ਕਪਿ ਦੌਰ ਸੁ ਰਾਮ ਅਗਾਰਿ ਕਹੈਂ ਹਮ ਮਾਰਹਿੰ ਰਾਵਣ ਕੋ ਰਣਮਾਹੀਂ। ਇਹਭਾਂਤਿ ਚਲੇ ਕਪਿ ਪੁੰਗਵ ਤੇ ਜਿਨ ਕੇ ਬਲਕੀ ਗਨਨਾਂ ਕਛੁ ਨਾਹੀਂ ॥ ੨੦ ॥ ਹਰਿ ਕੇ ਅਸਵਾਰ ਭਏ ਹਰਿਜੂ ਹਰਿ ਸੋਭਤ ਦੋ ਹਰਿ ਕੇ ਦ ਲਿਮਾਹੀਂ। ਸਸਿ ਸੂਰ ਸੁਹਾਵਤ ਜਿਉ ਗਿਰਜਾ ਨਭਿ ਮੰਡਲ ਤਾਰਨ ਕੇ ਗਨਮਾਹੀਂ। ਕਪਿ ਸੈਨ ਚਲੀ ਬਹੁ ਭੀਰ ਭਈ ਸਭ ਛਾਦ ਲਈ ਧਰਨੀਂ ਜਗ ਮਾਹੀਂ। ਧਰ ਮਾਰਤ ਪੂੰਛ ਉਠਾਰਤ ਹੈ ਤਰ ਸੈਲ ਉਖਾਰ ਲਏ ਕਰਮਾਹੀ ॥ ੨੧॥ ਸੈਲਨ ਮੈਂ ਕਪਿ ਕੂਦ ਚੜੈ ਪੁਨ ਮਾਰਤ ਬੇਗ ਚਲੇ ਕਪਿ ਜਾਹੀਂ। ਬਾਨਰਸੋ ਧਰ ਪੂਰ ਰਹੀ ਹਰਿਖਾਤ ਚਲੇ ਗਗਨਾਂ ਕਛੁ ਨਾਹੀ। ਰਾਮ ਕਰੀ ਪ੍ਰਤਿਪਾਲ ਚਹੂੰ ਦਿਸ ਸੈਨਗਈ ਸੁ ਦਿਵਾਨਿਸ ਮਾਹੀ। ਕਾਂਨਨ ਭਾਂਤਿ ਅਨੇਕ ਪਿਖੇ ਪੁਨਿ ਸਾਹਿਮਿਲੈਂ ਗਿਰ ਕੇ ਪਥਿਮਾਹੀ॥ ੨੨ ॥ ਸੱਹਜਮਲੈ ਗਿਰ ਲਾਂਘ ਦੁਊ ਵਹਿ ਭੀਮ ਪਯੋਨਿਧ ਕੇ ਤਟ ਆਏ। ਵਾਯੁ ਕੁਮਾਰ ਤਿ ਊਤਰ ਕੈ

ਕਪਿ ਨਾਥ ਦੁਊ ਕਪਿ ਨਾਥ ਮਿਲਾਏ। ਨੀਰਕੇ ਤੀਰਹਿੰ ਜਾਇ ਭਲੇ ਰਘੁਨਾਥ ਕਪੀਸੁਰ ਬੈਨ ਅਲਾਏ। ਸਾਗਰ ਕੇ ਤਟਿ ਮਾਹਿੰ ਅਏ ਨਹਿ ਪਾਰਪਰੇ ਬਿਨ ਕੀਨ ਉਪਾਏ॥ ੨੩॥ ਇਹ ਠੌਰ ਨਿਵਾਸ ਕਰੇ ਸਭ ਸੈਨ ਸੁ ਤਾਰਨ ਕਾਰਨ ਲੇਹੁ ਬਿਚਾਰੇ। ਸੁਨਿਕੈ ਰਘੁਬੀਰ ਕੇ ਵਾਕ ਇਸੇ ਕਪਿ ਨਾਇਕ ਆਪ ਸਮੁੰਦ ਕਨਾਰੇ। ਸਭ ਸੈਨ ਬਸਾਇ ਦਈ ਖਿਨਮੈਂ ਸਿਰਦਾਰ ਥਪੇ ਤਿਨਕੇ ਰਖਵਾਰੇ। ਤਬ ਬਾਨਰ ਬੈਠ ਪਯੋਨਿਧਕੇ ਤਟ ਭੀਮ ਪਯੋਨਿਧ ਨੈਨ ਨਿਹਾਰੇ॥ ੨੪॥ ਜਿਨ ਮਾਹਿ ਤਰੰਗ ਅਪਾਰ ਉਠੈਂ ਪੁਨਿ ਨੱਕਰ ਭੀਮ ਸੁ ਯਾਹਿ ਮਝਾਰੇ। ਸੁਅਗਾਧ ਥਡੋ ਨਭਕੇ ਸਮ ਹੈ ਇਹ ਸਾਗਰ ਹੋਰ ਭੁਏ ਦਖਭਾਰੇ। ਕਿਹ ਭਾਂਤਿ ਤਰੈਂ ਇਹ ਸਾਗਰ ਕੋ ਜਲ ਨਾਇਕ ਕੋ ਘਰਿ ਆਹਿ ਅਪਾਰੇ। ਜਲ ਸਾਗਰ ਬੀਚ ਨ ਹੋਇ ਕਬੀ ਰਣ ਰਾਵਣ ਕੋ ਅਬ ਭਾਰਤ ਮਾਰੇ॥ ੨੫॥ ਇਹ ਚਿੰਤ ਬਿਆਕੁਲ ਹੋਇ ਸਭੈ ਕਪਿ ਰਾਮ ਸਮੀਪ ਸੁ ਬੈਠ ਰਹੇ। ਰਘੁਬੀਰ ਚਿਤਾਰ ਬਿਦੇਹ ਸੁਤਾ ਦੁਖ ਸਾਗਰ ਧਾਰ ਅਪਾਰ ਬਹੇ। ਬਹੁ ਭਾਂਤਿ ਬਿਲਾਪ ਕਰੇ ਹਰਿਜੀ ਸੁਰ ਕਾਰਯ ਮਾਨੁਖ ਦੇਹਿ ਗਹੇ। ਅਦ੍ਵੈ ਚਿਤ ਆਤਮ ਔਰ ਪਰਾਤਮ ਰਾਮ ਸਨਾਤਨ ਬੇਦ ਕਹੇ॥ ੨੬॥ ਇਹਭਾਂਤਿ ਪਛਾਨ ਸੁ ਰਾਮ ਸਰੂਪ ਸੁ ਜੋ ਜਗਮੈ ਜਨੁ ਤੱਤ ਬਿਚਾਰੀ। ਨਹਿੰ ਤਾਹਿ ਛੁਹੇ ਦੁਖਪੁੰਜ ਕਬੀ ਪੁਨਿ ਹੋਇਕਹਾ ਯਹਿੰ ਰਾਮ ਮੁਰਾਰੀ। ਦੁਖ ਔਰ ਸੁਖੀ ਭਰ ਕ੍ਰੋਧ ਮਹਾਂ ਮਦ ਮੋਹਿ ਸੁ ਲੋਭਹਿ ਮਾਰ ਕੁਮਾਰੀ। ਅਗਿਆਨਕਿ ਲਿੰਗ

ਸੁਆਹਿ ਸਭੈ ਕਿਹ ਭਾਂਤਿ ਰਹੇ ਰਿਦ ਰਾਮ ਮੁਰਾਰੀ ॥੨੭॥
ਤਨਿ ਕੋ ਅਭਿਮਾਨ ਸੁ ਦੂਖ ਜਨੇਂ ਪਰਮਾਤਮ ਮੈ ਤਨ ਪਾਯਤ ਨਹੀਂ । ਤਨਿ ਔ ਅਭਿਮਾਨ ਸੁ ਦੂਰਿ ਭਏ ਸੁਖ ਰੂਪ ਪਿਖੈ ਸੁ ਸੁਖੋਪਤਿ ਮਾਹੀਂ । ਬੁਧਿ ਆਦਿਕ ਹੋਹਿੰ ਅਭਾਵ ਜਬੈ ਦੁਖ ਹੇਰਤ ਨਾ ਸੁਧ ਆਤਮ ਮਾਹੀਂ । ਦੁਖ ਔ ਸੁਖਿ ਹੈ ਸਭ ਬੁਧਿ ਬਿਖੇ ਪਰਮਾਤਮ ਮੈਂ ਕਛੁ ਪਾਯਤ ਨਾਹੀਂ ॥ ੨੮ ॥ ਸ਼ਿਕਰ ਛੰਦ ॥ ਪੁਰਖ ਰਾਮ ਪੁਰਾਤਨੋ ਪਰਮਾਤਮਾਂ ਹਰਿ ਆਹਿ । ਨਿਤ ਉਦੇ ਹੈ ਪੁਨਿ ਸਦਾ ਸੁਖ ਕਛੁ ਨਾਹਿੰ ਤਾਕੋ ਚਾਹਿ । ਤਥਾਪਿ ਮਾਯਾ ਗੁਣ ਮਿਲੇ ਸੁਖ ਦੁਖੀ ਸੋ ਭਗਵਾਨ । ਸੁਨ ਹੋਇ ਹੈ ਯਹਿ ਲੋਕ ਅੰਦਰਿ ਮੂਰਖਾਂ ਕੋ ਭਾਨ ॥ ੨੯ ॥ ਇਤਿ ਸ੍ਰੀ ਮੰਤਿ ਅਧਜਾਤਮ ਰਾਮਾਇਣੇਂ ਉਮਾਂ ਮਹੇਸ਼ੁਰ ਸੰਬਾਦੇ ਯੁਧ ਕਾਂਡੇ ਪੂਥਮੋਂ ਧਮਾਇ ॥ ੧ ॥

ਸ੍ਰੀ ਮਹਾਂਦੇਵ ਉਵਾਚ ॥

ਕਬਿਤ ॥ ਲੰਕ ਮਾਹਿੰ ਰਾਵਨ ਨਿਹਾਰ ਹਨੂੰਮਾਨ ਕਾਜ ਦੇਵਨ ਅਸਾਧ ਲਾਜ ਭਈ ਉਰ ਭਾਰੀਆ। ਦੇਖੇ ਧਰ ਬਾਰ ਛਾਰ ਮੰਤ੍ਰੀ ਪੁਕਾਰ ਲਏ ਰਾਖਸ਼ ਕੇ ਰਾਈ ਬਾਤ ਏਹ ਹੈ ਉਚਾਰੀਆ । ਲੰਕ ਉਤਪਾਤ ਹਨੂੰਮਾਨ ਬਿਖਯਾਤ ਕਰੈ ਭੁਮ ਮਤਿ ਦੈਤ ਸਭੈ ਨੈਨ ਕੈ ਨਿਹਾਰੀਆ। ਬਿਨ ਪਰਵਾਨੀ ਰਾਜਧਾਨੀ ਕੇ ਸੁ ਨਾਹਿੰ ਬਰੈ ਦੇਖੀ ਤਿਨ ਜਾਇ ਮਿਥਲੇਸ਼ ਕੀ ਕੁਮਾਰੀਆ ॥ ੧ ॥ ਰਾਖਸ਼ ਬਿਦਾਰ ਸੁ ਮੰਦੋਦਰੀ ਕੋ ਮਾਰ ਸੁਤ ਜਾਰ

ਗਢ ਲੰਕ ਗਏ ਬਾਰਧ ਕੇ ਪਾਰੀਆ। ਤਾਹਿ ਕੀ ਨ ਹਾਨਿ ਭਈ ਲੰਕ ਬਾਤ ਭਈ ਨਈ ਭਾਖਤ ਹੌਂ ਸੂਰ ਲਾਜ ਰਹੀ ਨ ਤੁਮਾਰੀਆ। ਮੰਤ੍ਰ ਮੈਂ ਬਿਸਾਰਦ ਸੁ ਕਰਨੌਂ ਸੁ ਕਾਰਜ ਸੁ ਹੋਇ ਹਿਤ ਮੇਰੇ ਅਬ ਲੇਹੁ ਸੁ ਬਿਚਾਰੀਆ। ਰਾਵਨ ਕੇ ਵਾਕ ਸੁਨ ਮੰਤ੍ਰੀ ਪਛਾਨ ਧੁਨਿ ਰਾਖਸ਼ ਕੇ ਰਾਈ ਕੋ ਭਵਾਨੀ ਯੌ ਉਚਾਰੀਆ ॥ ੨॥ ਲੋਕਨਕੋ ਜੀਤ ਸੰਗਰਾਂਮ ਨਿਰਭੀਤ ਤੁਮ ਰਾਮ ਨਰਨਾਮ ਤੇ ਸੁ ਕਹਾਂ ਡਰ ਆਏ ਹੈਂ। ਦੇਵ ਤਵ ਪੂਤ ਪੁਰਹੂਤ ਪੁਰ ਬਾਂਧ ਆਨੈ ਜੀਤ ਸੁ ਕੁਵੈਰ ਕੋ ਵਿਮਾਂਨ ਤੁਮ ਪਾਏ ਹੈਂ । ਜੀਤ ਯਮਰਾਜ ਯਮਧਾਨੀ ਕੇ ਭਗਾਇ ਦਏ ਕਾਲ ਦੰਡ ਭੀਤ ਰੂਪ ਤੋਹਿ ਤੇ ਮਿਟਾਏ ਹੈਂ । ਵਰਣ ਹੁੰਕਾਰ ਸੁਨ ਮਿਲੇ ਗਲਿ ਡਾਰ ਪਦ ਜੀਤ ਸਭ ਰਾਖਸ਼ ਸੁ ਦੁੰਦਭੀ ਬਜਾਏ ਹੈਂ ॥ ੩ ॥ ਮਧ ਜੋ ਮਹਾਂਸੁਰ ਸੁ ਮਾਨ ਡਰ ਤੋਹਿ ਤੇ ਸੁ ਆਪਨੀ ਤਨੂਜਾ ਤਿਨ ਦਈ ਤਵ ਆਇਕੈ । ਅਬ ਲੌ ਅਧੀਨ ਬਾਤ ਮਾਨਤ ਤਿਹਾਰੀ ਸਭ ਔਰ ਜੇ ਮਹਾਂਨ ਸੁ ਗਹੇਂਹੈਂ ਪਦ ਧਾਇ ਕੈ। ਹਨੂਮਾਨ ਕੀਏ ਕਾਜ ਭਏ ਨ ਸੁਜਾਗ ਪਦੁ ਸੂਰਨ ਕੋ ਜਾਇ ਬਲਿ ਕਪਿ ਪੈ ਦਿਖਾਇਕੈ । ਐਸੇ ਹਮ ਜਾਨ ਨਹਿੰ ਮਾਰਿਓ ਸੁ ਤਾਹਿੰ ਬਾਣ ਗਏ ਕਪਿ ਨਾਥ ਭਵ ਪੁਰੀ ਕੋ ਜਲਾਇਕੈ ॥ ੪ ॥ ਛਲੇ ਹਨੂਮਾਨ ਹਮ ਕਰੇ ਮਧੁ ਪਾਨ ਸਭ ਜਾਨਤ ਜੁ ਬਾਤਿ ਕਪਿ ਜੀਵਟ ਨ ਜਾਇ ਹੈ। ਦੀਜੀਏ ਸੁ ਆਇਸੁ ਪਿਖੀਜੀਏ ਜੁ ਨਾਥ ਬਲ ਨਰ ਅਰ ਕਪਿ ਕੋਊ ਜਗ ਨ ਰਹਾਇ ਹੈ। ਸਭੈ ਭਟ ਜਾਹਿੰ ਜਬ ਆਇਸੁ ਸੁ ਪਾਹਿੰ

